# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਤਹੀ ਪ੍ਰਕਾਸ਼ ਹਮਾਰਾ ਭਯੋ ॥ ਪਟਨਾ ਸ਼ਹਿਰ ਵਿਖੇ ਭਵ ਲਯੋ ॥

January 1978

ਜਨਵਰੀ ੧੯੭੮



ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਇਕੇਲਾ ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦-੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਨ ਹੈ ।

# ਤਤਕਰਾ


| | | |
|---|---|---|
| ਹੱਕ ਬਖ਼ਸ਼ਿੰਦਾ ਅਸਤ (ਫ਼ਾਰਸੀ ਗ਼ਜ਼ਲ) | ਭਾਈ ਸਾਹਿਬ ਨੰਦ ਲਾਲ ਜੀ | ੧ |
| ਉਹ ਬਖ਼ਸ਼ਿੰਦ ਅਸੀਂ ਹਾਂ ਪਾਪੀ (ਗ਼ਜ਼ਲ ਦਾ ਉਲਥਾ) | ਸ: ਵਿਧਾਤਾ ਸਿੰਘ ਜੀ ਤੀਰ | ੨ |
| ਸ੍ਰੀ ਦਸਮੇਸ਼ ਜੀ ਦਾ ਆਦਰਸ਼ | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਦਸਮੇਸ਼ ਦੇ ਚਰਨਾਂ ਵਿਚ ਜੋਦੜੀ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੬ |
| 'ਪ੍ਰਗਟੇ ਗੋਪਾਲ ਗੋਬਿੰਦ ਲਾਲਨ' (ਕਵਿਤਾ) | ਭਾਈ ਸਾਹਿਬ ਰਣਧੀਰ ਸਿੰਘ ਜੀ | ੭ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ.ਪੀ. ਸੰਗਤ ਸਿੰਘ ਜੀ | ੮ |
| ਇਕ ਵੀਰ ਦੀ ਦਰਦ ਭਰੀ ਚਿੱਠੀ | ... ... | ੧੧ |
| ਬਾਣੀ ਬੀਚਾਰੀਐ ਜੀਉ | ਪ੍ਰੋ: ਗੁਰਮੁਖ ਸਿੰਘ ਜੀ | ੧੨ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੨) | ਕੈਪਟਨ ਸਵਰਨ ਸਿੰਘ ਜੀ | ੧੫ |
| ਸ੍ਰੀ ਕਲਗੀਧਰ ਜੀ ਤੇ ਉਨ੍ਹਾਂ ਦਾ ਉਦੇਸ਼—ਖ਼ਾਲਸਾ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੭ |
| ਕਲਜੁਗ ਮਹਿ ਕੀਰਤਨੁ ਪਰਧਾਨਾ | ਸ. ਮਨੋਹਰ ਸਿੰਘ ਜੀ ਦਰਦੀ | ੨੧ |
| ਸਰਬ ਹਿੰਦ ਗੁਰਦਵਾਰਾ ਐਕਟ ਬਾਰੇ ਪੁੱਛਾਂ ਦੇ ਉਤਰ | ... ... | ੨੫ |
| ਧੰਨ ਗੁਰਦੇਵ (ਕਵਿਤਾ) | ਸ. ਦੇਵਾ ਸਿੰਘ ਜੀ ਕਿਰਤੀ | ੩੧ |
| ਸ਼ਰਨ ਸਮਾਈ | ਗਿ. ਗੋਪਾਲ ਸਿੰਘ ਜੀ ਮਿਤਰ | ੩੨ |
| ਸਤਿਗੁਰਾਂ ਦਾ ਇਲਾਹੀ ਲੰਗਰ | ਪ੍ਰੋਫ਼ੈਸਰ ਪੂਰਨ ਸਿੰਘ ਜੀ | ੪੦ |


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਦਿਵਸ ੧੫ ਜਨਵਰੀ


## *ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ*

ਸਚਖੰਡ ਦਰਸ਼ਨ ਨਵੀਂ ਐਡੀਸ਼ਨ ਛਪ ਗਈ ਹੈ । ਕੀਮਤ ਡੇਢ ਰੁਪਿਆ ।

| | | | |
|---|---|---|---|
| ਅਣਡਿਠੀ ਦੁਨੀਆ | ੬-੨੫ | ਰੰਗਲੇ ਸਜਣ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਸਚ ਨਿਰਣੈ | ੬-੦੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੪-੫੦, ੬-੫੦ | ਅੰਮ੍ਰਿਤ ਕਲਾ | ੦-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਸਿਖ ਕੌਣ ਹੈ | ੦-੩੦ |
| ਗੁਰਮਤਿ ਰਮਜ਼ਾਂ | ੧-੩੦ | ਸੱਚੀਆਂ ਦਾੜ੍ਹੀਆਂ | ੦-੩੦ |
| ਸਿੰਘਾਂ ਦਾ ਪੰਥ ਨਿਰਾਲਾ | ੦-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਚਰਨ ਕਮਲ ਕੀ ਮਉਜ | ੦-੭੫ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ | ਵਾਹਿਗੁਰੂ ਸਿਮਰਨ | ੦-੩੦ |
| ਜੀਵਨ ਚਰਿਤਰ ਭਾ: ਸਾ: ਰਣਧੀਰ ਸਿੰਘ | ੧-੦੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | ੦-੨੦ |


ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੧.੭੮ ਨੂੰ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 5 1 8 4 7

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤਿ ਹੈ ਸੂਰਾ ॥





ਸਾਲਾਨਾ ਚੰਦਾ ੮–੦੦
ਇਕ ਪਰਚਾ ੦–੭੫

ਪਰਦੇਸ

ਸਮੁੰਦਰੀ ਡਾਕ ੧੮–੫੦

ਹਵਾਈ ਡਾਕ

ਅਰਬ, ਮਲਾਇਆ ੩੫–੦੦
ਯੂ. ਕੇ., ਅਫ਼ਰੀਕਾ ੫੦–੦੦
ਕੈਨੇਡਾ, ਅਮਰੀਕਾ ੫੫–੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੨ ਜਨਵਰੀ ੧੯੭੮ ਅੰਕ ੧


## ਹੱਕ ਬਖ਼ਸ਼ਿੰਦਾ ਅਸਤ

ਬਦਰ, ਦਰ ਪੇਸ਼ਿ ਰੁਖ਼ਤ, ਸ਼ਰਮਿੰਦਾ ਅਸਤ ।
ਬਲਕਿ, ਖ਼ੁਰਸ਼ੀਦਿ ਜਹਾਂ, ਹਮ ਬੰਦਾ ਅਸਤ ।।੧।।

ਚਸ਼ਮਿ ਮਾ, ਹਰਗਿਜ਼ ਬਗ਼ੈਰ ਅਜ਼ ਹੱਕ ਨ ਦੀਦ ।
ਐ ਖ਼ੁਸ਼ਾ ਚਸ਼ਮੇ, ਕਿ ਹੱਕ ਬੀਨੰਦਹ ਅਸਤ ।।੨।।

ਮਾ ਨਮੇ ਲਾਫ਼ੇਮ, ਅਜ਼ ਜ਼ੁਹਦੋ ਰਯਾ ।
ਗਰ ਗੁਨਾਹਗਾਰੇਮ, ਹੱਕ ਬਖ਼ਸ਼ਿੰਦਾ ਅਸਤ ।।੩।।

ਦੀਗਰੇ ਰਾ, ਅਜ਼ ਕੁਜਾ ਆਰੇਮ ਮਾ ।
ਸ਼ੋਰ ਦਰ ਆਲਮ, ਯਕੇ ਅਫ਼ਗੰਦਾ ਅਸਤ ।।੪।।

ਹਰਫ਼ਿ ਗ਼ੈਰ, ਅਜ਼ ਹੱਕ, ਨਿਯਾਇਦ ਹੇਚ-ਗਾਹ ।
ਬਰ ਲਬਿ 'ਗੋਇਆ', ਕਿ ਹੱਕ ਬਖ਼ਸ਼ੰਦਾ ਅਸਤ ।।੫।।

ਉਲਥਾ ਸਫ਼ਾ ਦੋ ਤੇ ਵੇਖੋ] [ਭਾ: ਨੰਦ ਲਾਲ ਜੀ, ਗ਼ਜ਼ਲ ੮


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ :—

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ


www.AKJ.Org

# ਉਹ ਬਖ਼ਸ਼ਿੰਦ ਅਸੀਂ ਹਾਂ ਪਾਪੀ

[ਪਹਿਲੇ ਸਫ਼ੇ ਤੇ ਛਪੀ ਭਾਈ ਨੰਦ ਲਾਲ ਜੀ ਦੀ ਗ਼ਜ਼ਲ ਦਾ ਪੰਜਾਬੀ ਅਨੁਵਾਦ]

**ਸ਼ਬਦਾਰਥ–**

ਬਦਰ–ਚੰਦਰਮਾ। ਦਰ ਪੇਸ਼ਿ ਰੁਖ਼ਤ–ਤੇਰੇ ਮੁਖੜੇ ਦੇ ਸਾਹਮਣੇ। ਅਸਤ–ਹੈ। ਖ਼ੁਰਸ਼ੀਦਿ ਜਹਾਂ–ਜਹਾਨ ਦਾ ਸੂਰਜ। ਹਮ–ਵੀ। ਬੰਦਾ–ਗ਼ੁਲਾਮ, ਸੇਵਕ ॥੧॥ ਚਸ਼ਮਿ ਮਾ–ਸਾਡੀ ਅੱਖ। ਅਜ਼–ਤੋਂ। ਹੱਕ–ਸੱਚ ਸਰੂਪ ਵਾਹਿਗੁਰੂ। ਖ਼ੁਸ਼ਾ–ਖ਼ੁਸ਼-ਨਸੀਬ, ਭਾਗਾਂ ਵਾਲੀ। ਕਿ–ਜੋ। ਬੀਨੰਦਹ–ਵੇਖਣ ਵਾਲੀ ॥੨॥ ਮਾ–ਅਸੀਂ। ਨਮੇ ਲਾਫ਼ੇਮ–ਮਾਣ ਨਹੀਂ ਕਰਦੇ। ਅਜ਼ ਜ਼ੁਹਦੋ ਰਯਾ–ਭਜਨ ਬੰਦਗੀ ਉਤੇ। ਗਰ–ਜੇਕਰ। ਗੁਨਾਹਗਾਰੇਮ–ਅਸੀਂ ਪਾਪੀ ਹਾਂ। ਬਖ਼ਸ਼ਿੰਦਾ ਅਸਤ–ਬਖ਼ਸ਼ਿੰਦ ਹੈ ॥੩॥

ਦੀਗਰੇ ਰਾ–ਦੂਜੇ ਨੂੰ। ਅਜ਼ ਕੁਜਾ–ਕਿਸ ਥਾਂ ਤੋਂ। ਆਰੇਮ ਮਾ–ਅਸੀਂ ਲਿਆਈਏ। ਸ਼ੋਰ–ਰੌਲਾ ਰਪਾ। ਦਰ ਆਲਮ–ਦੁਨੀਆਂ ਵਿਚ, ਭਾਵ ਹਰ ਥਾਂ। ਯਕੇ–ਇਕੋ ਵਾਹਿਗੁਰੂ ਪ੍ਰੀਤਮ। ਅਫਗੰਦਾ–ਸੁਟਿਆ, ਪੈਦਾ ਕੀਤਾ ਹੋਇਆ ॥੪॥

ਹਰਫ਼ਿ ਗ਼ੈਰ–ਕੋਈ ਹੋਰ ਬੋਲ। ਅਜ਼ ਹੱਕ–ਪ੍ਰੀਤਮ ਤੋਂ (ਬਿਨਾਂ)। ਨਿਆਇਦ–ਨਹੀਂ ਹੁੰਦਾ। ਹੇਚਗਾਹ–ਕਦੇ ਵੀ। ਬਰ ਲਬਿ–ਬੁਲ੍ਹਾਂ ਉਤੇ ॥੫॥

**ਕਾਵਿ ਅਰਥ–**

–ਸ: ਵਿਧਾਤਾ ਸਿੰਘ ਜੀ 'ਤੀਰ'

ਚੰਨ ਵੀ ਤੇਰੇ ਚਿਹਰੇ ਸਾਹਵੇਂ, ਆਵੇ ਤਾਂ ਲਜਿਆਵੇ।
ਸੂਰਜ ਭਰੇ ਹੁਸਨ ਦਾ ਪਾਣੀ, ਹਰ ਦਿਨ ਸੀਸ ਨਿਵਾਵੇ ॥੧॥
ਸਾਡੀ ਅੱਖ ਸੁਭਾਗੀ ਸਈਓ, ਸਜਨ ਵੱਲ ਹੀ ਤੱਕਦੀ।
ਕਿਉਂਕਿ ਵੇਖਣ ਵਾਲੀ ਉਸ ਨੂੰ, ਹੋਰ ਵੇਖ ਨਹੀਂ ਸਕਦੀ ॥੨॥
ਸਾਨੂੰ ਵਿਰਦ ਆਪਣੇ ਉੱਤੇ, ਮਾਣ ਮੂਲ ਨਹੀਂ ਮਾਸਾ।
ਉਹ ਬਖ਼ਸ਼ਿੰਗ ਅਸੀਂ ਹਾਂ ਪਾਪੀ, ਇਤਨਾ ਹੈ ਭਰਵਾਸਾ ॥੩॥
ਦੂਜਾ ਕੌਣ? ਲਿਆਈਏ ਕਿਥੋਂ? ਜਦ ਕਿ ਹੋਰ ਨਾ ਜਾਪੇ।
ਇਕੋ ਵਾਹਿਗੁਰੂ ਨੇ ਹਰ ਥਾਂ, ਸੱਦ ਲਾਈ ਹੈ ਆਪੇ ॥੪॥
ਵਾਹਿਗੁਰੂ ਦੀ ਬਖਸ਼ਸ਼ ਐਸੀ, ਗੋਇਆ ਉੱਤੇ ਹੋਈ।
ਬੁਲ੍ਹਾਂ ਵਿਚ ਉਸ ਦੇ ਬਾਝੋਂ, ਬੋਲ ਨਾ ਨਿਕਲੇ ਕੋਈ ॥੫॥



---

# ਬਾਣੀ ਗੁਰੂ ਗੁਰੂ ਹੈ ਬਾਣੀ

ਗੁਰਬਾਣੀ, ਗੁਰ-ਉਪਦੇਸ਼ ਪਰਤੱਖ ਗੁਰੂ ਹੈ। ਗੁਰਬਾਣੀ ਦਾ ਨਿਰਾ ਅਰਥ-ਬੋਧ ਕੁਝ ਨਹੀਂ ਸੁਆਰਦਾ। "ਸੁਣਿਆ ਮੰਨਿਆ ਮਨਿ ਕੀਤਾ ਭਾਉ" ਦੇ ਹੁਕਮ ਅਨੁਸਾਰ ਸੁਣਿ, ਮੰਨਿ ਅਤੇ ਉਸ ਉਪਦੇਸ਼ ਦਾ ਭਾਉ ਮਨ ਵਿਚ ਵਸਾਉਣ ਤੇ ਅਮਲ ਕਰਨ ਨਾਲ ਹੀ ਜੀਵਨ ਪਲਟਦਾ ਹੈ।

ਗੁਰਬਾਣੀ ਦਾ ਭੈ ਮਨ ਵਿਚ ਵਸਾਉਣ ਲਈ ਗੁਰੂ ਦੀ ਬਾਣੀ ਦਾ ਪੂਰਨ ਹਿਤੋਂ ਚਿਤੋਂ ਸਤਿਕਾਰ ਕਰਨਾ ਲਾਜ਼ਮੀ ਹੈ। ਇਸ ਤਰ੍ਹਾਂ ਹੀ ਭੈ-ਭਾਵਨੀ ਮਨ ਵਿਚ ਵਸਦੀ ਹੈ, ਤੇ ਗੁਰਬਾਣੀ ਕੰਠ ਕਰਨ ਦਾ ਚਾਉ ਉਪਜਦਾ ਹੈ। ਕੰਠਾਗਰ ਬਾਣੀ ਵਧੇਰੇ ਰਸ ਉਪਜਾਉਂਦੀ ਹੈ ਤੇ ਸੁਰਤ ਜੋੜਨ ਵਿਚ ਸਹਾਈ ਹੁੰਦੀ ਹੈ। ਜੇ ਪੋਥੀ ਦੀ ਸਹਾਇਤਾ ਨਾਲ ਵੀ ਕੀਰਤਨ ਕਰਨਾ ਪਵੇ ਤਾਂ ਪੋਥੀ ਦੇ ਸਤਿਕਾਰ ਨੂੰ ਮੁਖ ਰੱਖਣਾ ਪਰਮ ਧਰਮਹੈ।

www.AKJ.Org

# ਸ੍ਰੀ ਦਸਮੇਸ਼ ਜੀ ਦਾ ਆਦਰਸ਼

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਆਮ ਲੋਕਾਂ ਦਾ ਖ਼ਿਆਲ ਹੈ ਅਤੇ ਬਹੁਤ ਸਾਰੇ ਨਵੀਨ ਰਵਸ਼ ਦੇ ਸਿੱਖਾਂ ਨੂੰ ਭੀ ਇਹ ਭੁਲੇਖਾ ਲਗਿਆ ਹੋਇਆ ਹੈ ਕਿ ਸ੍ਰੀ ਦਸਮੇਸ਼ ਜੀ ਸਾਹਿਬ ਦਾ ਆਦਰਸ਼ ਦੂਜੇ ਗੁਰੂ ਸਾਹਿਬਾਨ ਦੇ ਆਦਰਸ਼ ਨਾਲੋਂ ਅੱਡਰਾ ਹੈ। ਬਹੁਤ ਸਾਰੇ ਲੋਕ ਕਈ ਵਾਰ ਇਹ ਭੀ ਕਹਿ ਦਿਆ ਕਰਦੇ ਹਨ ਕਿ ਸ੍ਰੀ ਗੁਰੂ ਛੇਵੀਂ ਪਾਤਸ਼ਾਹੀ ਅਤੇ ਗੁਰੂ ਦਸਮੇਸ਼ ਸਾਹਿਬ ਜੀ ਦਾ ਆਦਰਸ਼ ਤਾਂ ਇਕੋ ਹੀ ਹੈ ਅਤੇ ਬਾਕੀ ਅੱਠੇ ਸਤਿਗੁਰੂ ਸਾਹਿਬਾਂ ਦਾ ਆਦਰਸ਼ ਇਨ੍ਹਾਂ ਤੋਂ ਭਿੰਨ ਅਤੇ ਵਖਰਾ ਹੈ।

ਅਜਿਹੇ ਸਜਣਾਂ ਨੂੰ ਧੋਖਾ ਇਹ ਲਗਦਾ ਹੈ ਅਤੇ ਆਦਰਸ਼-ਮਿਸ਼ਨੀ ਫ਼ਰਕ ਇਸ ਕਰਕੇ ਉਨ੍ਹਾਂ ਨੂੰ ਭਾਸਦਾ ਹੈ ਕਿ ਓਹਨਾਂ ਦੇ ਭਾ ਦਾ ਇਹਨਾਂ ਦੋਹਾਂ ਗੁਰੂ ਸਾਹਿਬਾਂ ਨੇ ਤਾਂ ਤਲਵਾਰ ਚੁੱਕੀ ਅਤੇ ਬਾਕੀ ਅੱਠੇ ਗੁਰੂ ਸਾਹਿਬਾਨ ਸ਼ਾਂਤਮਈ ਰਹੇ। ਓਹਨਾਂ ਨੂੰ ਇਹ ਪਤਾ ਨਹੀਂ ਕਿ ਆਦਰਸ਼ ਦਾ ਅਸਲੀ ਭਾਵ ਕੀ ਹੈ ?

ਸ਼ਾਂਤਮਈ ਰਹਿਣਾ ਅਥਵਾ ਤਲਵਾਰ ਚੁਕਣਾ ਵਾਸਤਵੀ ਆਦਰਸ਼ ਨਹੀਂ, ਜਿਸ ਕਾਰਨ ਕਿ ਗੁਰੂ ਸਾਹਿਬਾਨ ਨੇ ਅਵਤਾਰ ਧਾਰਨ ਕੀਤਾ। ਨਿਰੋਲ ਸ਼ਾਂਤਮਈ ਰਹਿਣਾ ਅਥਵਾ ਤਲਵਾਰ ਹੀ ਗਹਿਣਾ ਕੋਈ ਉੱਚਾ ਸੁੱਚਾ ਅਤੇ ਸੱਚਾ ਆਦਰਸ਼ ਨਹੀਂ। ਦਸੋ ਗੁਰੂ ਸਾਹਿਬਾਨ ਦਾ ਇਹ ਸਾਝਾ ਆਦਰਸ਼ ਹੈ ਅਤੇ ਇਹ ਆਦਰਸ਼ ਆਨ ਮੱਤ-ਮਤਾਂਤਰਾਂ ਦੇ ਆਗੂਆਂ ਅਤੇ ਰੀਫ਼ਾਰਮਾਂ ਨਾਲੋਂ ਉੱਚਾ ਤੇ ਵਿਲੱਖਣ ਆਦਰਸ਼ ਹੈ। ਇਸ ਵਿਲੱਖਣ ਆਦਰਸ਼ ਦੇ ਆਦਰਸ਼ੀ ਗੁਰੂ ਸਾਹਿਬਾਨ, ਦਸੇ ਗੁਰੂ ਸਾਹਿਬਾਨ ਦੀ ਵਜੂਦ ਵਿਸ਼ੇਸ਼ਤਾ ਹੀ ਆਮ ਸੰਸਾਰੀਆਂ ਨਾਲੋਂ ਵਿਲੱਖਣ ਹੈ। ਇਸ ਵਿਲੱਖਣਤਾ ਦਾ ਸੁਧ-ਸਰੂਪ-ਲਖਸ਼ ਇਸ ਗੁਰਵਾਕ ਅੰਦਰ ਹੈ—

ਜਨਮ ਮਰਣੁ ਦੁਹਹੂ ਮਹਿ ਨਾਹੀ
ਜਨ ਪਰਉਪਕਾਰੀ ਆਏ ॥
[ਸੂਹੀ ਮ: ੫, ਪੰਨਾ ੭੪੯

ਗੁਰੂ ਸਾਹਿਬਾਨ ਦਾ ਆਗਮਨ ਆਮ ਸੰਸਾਰੀਆਂ ਵਤ ਚਉਰਾਸੀ ਭੁਗਤਣ ਲਈ ਨਹੀਂ ਸਗੋਂ ਚਉਰਾਸੀ ਭੁਗਤਾਉਣ ਅਰਥਾਤ ਚਉਰਾਸੀ ਕਟਣ ਲਈ ਹੈ। ਜਿਥੇ ਗੁਰੂ ਸਾਹਿਬਾਨ ਦਾ ਆਗਮਨ ਵਿਲੱਖਣ ਹੈ, ਉਥੇ ਗੁਰੂ ਸਾਹਿਬਾਨ ਦਾ ਆਦਰਸ਼ ਭੀ ਵਿਲੱਖਣ ਹੈ। ਪਰਉਪਕਾਰ ਭੀ ਗੁਰੂ ਸਾਹਿਬਾਨ ਦਾ ਵਿਲੱਖਣ ਹੈ। ਸੋਸ਼ਲ ਰੀਫ਼ਾਰਮਾਂ ਵਾਲਾ ਸ਼ੁਸ਼ਕ ਉਪਕਾਰ ਨਹੀਂ। ਦੇਸ਼-ਭਗਤੀ ਵਾਲਾ ਰਾਜ ਤ੍ਰਿਸ਼ਨਾਲੂ ਉਪਕਾਰ ਨਹੀਂ। ਪ੍ਰਸਿੱਧਤਾ ਵਾਲਾ ਨਿਰਾ ਆਚਾਰ ਸੁਧਾਰ ਡੀਂਗ-ਮਾਰ ਉਪਕਾਰ ਨਹੀਂ। ਗੁਰੂ ਸਾਹਿਬਾਨ ਦਾ ਪਰਉਪਕਾਰ ਨਿਰਾ ਮੁਕਤਿ ਨਿਰਬਾਨ ਜੁਗਤੀ ਉਪਕਾਰ ਨਹੀਂ। ਗੁਰੂ ਸਾਹਿਬਾਨ ਦਾ ਆਦਰਸ਼ਕ ਉਪਕਾਰ "ਜਨਮ ਮਰਣੁ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ" ਗੁਰਵਾਕ ਦੇ ਨਾਲ ਲਗਦੀ ਅਗਲੀ ਤੁਕ—

ਜੀਅ ਦਾਨੁ ਦੇ ਭਗਤੀ ਲਾਇਨਿ
ਹਰਿ ਸਿਉ ਲੈਨਿ ਮਿਲਾਏ ॥
[ਸੂਹੀ ਮ: ੫, ਪੰਨਾ ੭੪੯

ਅੰਦਰ ਅੰਕ੍ਰਿਤ ਹੈ। ਆਤਮ-ਦਾਨੁ ਦੇ ਕੇ ਪ੍ਰਾਣੀ ਮਾਤ੍ਰ ਨੂੰ ਪ੍ਰਮਾਤਮਾ ਦੀ 'ਭਗਤੀ ਲਾਇਨਿ' ਕਰਕੇ 'ਹਰਿ ਸਿਉ ਲੈਨਿ ਮਿਲਾਏ'' ਵਾਲੀ ਸਭ ਤੋਂ ਉਚੀ ਦਾਤ-ਬਖਸ਼ਸ਼ ਵਿਚ ਹੈ। ਇਹ ਗੁਰੂ ਸਾਹਿਬਾਨ ਦਾ ਆਦਰਸ਼ ਵਿਲੱਖਣੀ ਮੇਹਰਾਜ (ਮਰਾਤਬਾ) ਹੈ।

ਇਸੇ ਆਦਰਸ਼ ਦੇ ਪਰਉਪਕਾਰ ਨੂੰ ਲੈ ਕੇ



www.AKJ.Org

ਸ੍ਰੀ ਗੁਰੂ ਦਸਮੇਸ਼ ਜੀ ਗੁਰੂ ਨਾਨਕ ਜਾਮੇ ਵਿਚ ਅਵਤਰੇ ਅਤੇ ਏਸੇ ਆਦਰਸ਼ ਦੀ ਤਕਮੀਲ (ਪੂਰਤੀ) ਨੂੰ ਤੋੜ ਪੁਜਾਵਣ ਹਿਤ ਗੁਰੂ ਨਾਨਕ ਦਸਮੇਸ਼ ਦਸੋਂ ਜਾਮਿਆਂ ਵਿਚ ਪਰਗਟ ਹੋਏ। ਏਸ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਵਾਲੇ ਆਦਰਸ਼ਕ ਉਪਕਾਰ ਹਿਤ, ਇਹੋ ਆਦਰਸ਼ਕ ਉਪਕਾਰ ਮਈ ਸੱਚਾ ਅਤੇ ਅਟੱਲ ਧਰਮ ਵਿਥਾਰਨ ਹਿਤ ਹਰ ਇਕ ਗੁਰੂ ਪਾਤਸ਼ਾਹੀ, ਸੱਚੀ ਪਾਤਸ਼ਾਹੀ ਦਾ ਅਵਤਾਰ ਜਗਤ ਵਿਚ ਹੋਇਆ। "ਸਚੇ ਸੇਤੀ ਰਾਤੇ", ਜੀਅ ਦਾਨ ਬਖ਼ਸ਼ਾਤੇ ਸੱਚੇ ਪਾਤਸ਼ਾਹ ਦਸੇ ਗੁਰੂ ਸਾਹਿਬਾਨ ਨੇ ਸੱਚੀ ਪਾਤਸ਼ਾਹੀ ਦਾ ਸੱਚਾ ਅਮਰ ਵਰਤਾਇਆ।

## ਨਾਮ ਦਾ ਦੁਧਾਰਾ ਖੰਡਾ

ਇਸ ਅਮਰ ਵਰਤਾਉ ਨਮਿਤ ਗੁਰੂ ਸਾਹਿਬਾਨ ਨੇ ਨਾਮ ਦਾ ਦੁਧਾਰਾ ਖੰਡਾ ਖੜਕਾਇਆ। ਇਸ ਖੰਡੇ ਦੀ ਇਕ ਧਾਰ ਤਾਂ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਰੂਪੀ ਪੰਚਾਂ ਦੂਤਾਂ ਨੂੰ ਮਾਰ ਬਿਦਾਰ ਕੇ ਕੋਟਿ ਅਸੰਖ ਪਾਪਾਂ ਦੇ ਕਟਣ ਲਈ ਸਮਰੱਥ ਹੋਈ ਅਤੇ ਦੂਜੀ ਧਾਰ ਨੇ ਜਗਿਆਸੂਆਂ ਦੇ ਘਟਾਂ ਅੰਦਰ ਆਤਮਕ ਜੋਤਿ ਜਗਾਵਨੀ ਜਾਗ ਲਾਇਆ। ਇਹ ਦੁਧਾਰਾ ਖੰਡਾ ਪੰਜਾਂ ਦੂਤਾਂ ਦੇ ਪੁੰਜ ਪਾਪਿਸ਼ਟ ਪ੍ਰਾਣੀਆਂ ਨੂੰ ਆਪਣੀ ਪਾਰਸ-ਕਲਾ ਦੁਆਰਾ ਸੋਧ ਕੇ ਬਾਰ੍ਹਾਂ-ਵੰਨੀ ਦੇ ਕੰਚਨ ਵਤ ਜਾਗਦੀ ਜੋਤਿ ਵਾਲੇ ਸ਼ੁੱਧ ਪੁੰਨ-ਆਤਮ ਧਰਮੀ ਜੀਵਨ ਵਿਚ ਪਲਟਾਉਣ ਹਿਤ ਇਕ ਜਾਵਦਾਨੀ ਕੀਮੀਆ (ਸਦ-ਜੀਵਨੀ ਬੂਟੀ) ਸਾਬਤ ਹੋਇਆ।

ਨਾਮ ਦਾ ਖੰਡਾ ਖੜਕਾ ਕੇ ਗੁਰੂ ਸਾਹਿਬਾਨ ਨੇ ਧਰਮ-ਅੰਸ਼ ਨੂੰ ਜਗਾਇਆ ਅਤੇ ਪਾਪ-ਅੰਸ਼ ਨੂੰ ਦਮਨ ਕੀਤਾ। ਇਸ ਬਿਧਿ ਇਸ ਪਵਿਤਰ ਪਾਰਸ-ਖੰਡੇ ਦੀ ਕਲਾ ਵਰਤਾ ਕੇ ਗੁਰੂ ਸਾਹਿਬਾਨ ਨੇ ਇਸ ਸੰਸਾਰ ਦੇ ਅਨੇਕ ਪ੍ਰਾਣੀਆਂ ਦੀ ਜੀਵਨ-ਮੁਕਤਿ ਕਲਿਆਨ ਕੀਤੀ ਅਤੇ ਅਨੇਕਾਂ ਦੀ ਮਰਨ ਮੁਕਤਿ ਕਲਿਆਨ ਕੀਤੀ।

## ਜੀਵਨ-ਮੁਕਤਿ ਤੇ ਮਰਨ-ਮੁਕਤਿ

ਜੀਵਨ-ਮੁਕਤਿ ਕਲਿਆਣ ਤਿਨ੍ਹਾਂ ਦੀ ਕੀਤੀ, ਜਿਨ੍ਹਾਂ ਨੂੰ ਜੀਉਂਦੇ-ਜੀਅ ਨਾਮ ਦੀ ਜੀਵਨ-ਬੂਟੀ ਦੇ ਕੇ ਅੰਤਰ ਜੋਤਿ-ਜਗੰਨੇ ਅਮਰ ਜੀਵਨ ਵਿਚ ਸੁਰਜੀਤ ਕੀਤਾ। ਤਿਨ੍ਹਾਂ ਉਤੇ ਤਾਂ ਜੀਉਂਦੇ-ਜੀਅ ਏਸੇ ਜਾਮੇ ਅੰਦਰ ਆਤਮ-ਰੰਗ ਲਾ ਕੇ ਪ੍ਰਮਾਤਮ-ਦਰਸ-ਪ੍ਰਕਾਸ਼ੀ ਨਦਰਾਂ ਮਿਹਰਾਂ ਕੀਤੀਆਂ ਅਤੇ ਮਰਨ-ਮੁਕਤਿ ਕਲਿਆਣ ਉਨ੍ਹਾਂ ਦੀ ਕੀਤੀ ਜਿਨ੍ਹਾਂ ਨੂੰ—

ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥

[ਮਾਰੂ ਮ: ੫, ਪੰਨਾ ੧੦੦੦

ਦੇ ਭਾਵ ਅਨੁਸਾਰ ਚਲਾਣੇ ਸਮੇਂ ਪੂਰਨ ਆਤਮ-ਪ੍ਰਕਾਸ਼ ਅਤੇ ਪ੍ਰਮਾਤਮਾ-ਦਰਸ-ਵਿਗਾਸ ਹੋਏ। ਜਿਵੇਂ ਜਿਵੇਂ ਅਤੇ ਜਿਸ ਜਿਸ ਜੀਵਨ-ਅਵਸਥਾ ਵਿਖੇ ਨਾਮ ਦੇ ਅਮੋਘ ਬਾਣ ਲਗੇ ਤਿਵੇਂ ਤਿਵੇਂ ਅਤੇ ਉੱਥੇ ਉੱਥੇ ਹੀ ਕਲਿਆਣਕਾਰੀ ਚੋਜ-ਕਲਾ ਵਰਤਾਈ ਗਈ ਸੀ। ਹਾਂ ਜੀ, ਚੋਜੀ ਸਤਿਗੁਰੂ ਨੇ ਹਰੇਕ ਗੁਰ-ਜਾਮੇ ਵਿਚ ਪ੍ਰੇਮ ਦੇ ਬਾਣ ਵਾਹ ਕੇ ਹੀ ਕਲਿਆਣ ਕੀਤੀ ਹੈ। ਜਿਥੇ ਪਹਿਲੇ ਜਾਮੇ ਵਿਚ ਕੌਡੇ ਰਾਕਸ਼ ਜਹੇ ਮਹਾਂ ਬਿਖਾਦੀ ਦੁਸ਼ਟ ਅਪਵਾਦੀ ਦੀ ਦੁਸ਼ਟਤਾ ਦਮਨ ਕਰ ਕੇ ਨਾਮ ਦਾ ਖੰਡਾ ਖੜਕਾ ਕੇ ਉਸ ਦੀ ਕਲਿਆਣ ਕੀਤੀ ਹੈ ਉਥੇ ਛੇਵੇਂ ਜਾਮੇ ਵਿਚ ਪੈਂਦੇ ਖ਼ਾਂ ਜਹੇ ਹੈਂਕੜਬਾਜ਼ਾਂ ਦੀ ਦੁਧਾਰੇ ਖੰਡੇ ਦੁਆਰਾ ਕਲਾਧਾਰੀ ਸਤਿਗੁਰੂ ਨੇ ਕਲਿਆਣ ਕੀਤੀ। ਇਸੇ ਤਰ੍ਹਾਂ ਪ੍ਰੇਮ ਦੇ ਕਲਾਧਾਰੀ ਬਾਣ ਵਾਹ ਕੇ ਦਸਵੇਂ ਜਾਮੇ ਵਿਚ ਸ੍ਰੀ ਗੁਰੂ ਕਲਗੀਧਰ ਜੀ ਨੇ ਸ਼ਤਰੂ-ਦਲ ਦਾ ਸ਼ਤਰਪਣ ਤੋੜ ਰੱਬੀ ਮੰਜ਼ਲਾਂ ਦੀ ਪ੍ਰੇਮ-ਤਾਰ ਵਿਖੇ ਜੋੜਿਆ। ਭੁਲਿਓ ਲੋਕੋ! ਕੀ ਇਹ ਸ਼ਤਰਤਾ ਦੇ ਬਾਣ ਸਨ, ਜੋ ਸ੍ਰੀ ਦਸਮੇਸ਼ ਜੀ ਨੇ ਸ਼ਤਰੂ-ਦਲ ਤੇ ਵਾਹੇ ? ਨਹੀਂ ! ਨਹੀਂ !! ਇਹ ਤਾਂ ਕਲਿਆਣ-ਦਾਤੇ ਪ੍ਰੇਮ ਦੇ ਅਮੋਘ ਛਾਂਦੇ ਸਨ, ਜੋ ਵਡਭਾਗਿਆਂ ਨੂੰ ਮਿਲੇ। ਇਤਿਹਾਸ ਇਸ ਗੱਲ ਦੀ ਸ਼ਾਹਦੀ ਦਿੰਦਾ ਹੈ ਕਿ ਜਿਸ ਜਿਸ ਜੋਧੇ ਨੂੰ ਸ੍ਰੀ ਦਸਮੇਸ਼ ਧਨੁਖਧਾਰੀ



www.AKJ.Org

ਦੇ ਤੇਜ-ਪਾਰਸੀ ਮੁਖੀ ਵਾਲੇ ਬਾਣ ਲਗੇ ਤਿਸ ਤਿਸ ਦੇ ਹਿਰਦੇ ਵਿਚ ਪ੍ਰੇਮ ਦੀ ਝਰਨਾਹਟ ਫਿਰ ਗਈ ਤੇ ਤਿਸ ਤਿਸ ਨੂੰ ਹੀ ਬਿਸਮਾਦ ਰਸ ਦੇ ਅਗਾਧ ਸੁਆਦ ਆਏ। ਪੀੜਾ ਦੇ ਥਾਉਂ ਪ੍ਰੇਮ-ਨਿਮਗਨਤਾ ਹੋਈ। 'ਹਾਇ, ਉਫ' ਦੀ ਥਾਉਂ 'ਵਾਹ ਵਾਹ ! ਧੰਨ ਧੰਨ !' ਦੀ ਸੁਰ ਭਰੀ ਅਵਾਜ਼ ਮੁਖ ਤੋਂ ਨਿਕਲੀ। ਪ੍ਰੇਮ-ਪਦਾਰਥ ਤੋਂ ਸੁੰਞੇ, ਗੁਰੂ-ਸ਼ਰਧਾ ਤੋਂ ਵਿਰਵੇ ਖ਼ੁਸ਼ਕ ਫਿਲਾਸਫ਼ਰਾਂ ਨੂੰ ਪ੍ਰੇਮ ਦੀ ਫ਼ਿਲਾਸਫ਼ੀ ਦਾ ਕੀ ਪਤਾ ? ਇਸ ਪ੍ਰੇਮ ਦੀ ਸਾਰ ਭਾਈ ਨੰਦ ਲਾਲ ਸਾਰਖੇ ਆਰਫ਼ ਹੀ ਜਾਣਨ, ਜਿਨ੍ਹਾਂ ਨੂੰ ਕਿ—

*ਮਾ ਨਮੇ ਆਰੇਮ ਤਾਬਿ,
ਗ਼ਮਜ਼ਾ-ਇ ਮਿਯਗਾਨਿ ਉ।
ਯਕ ਨਿਗਾਹਿ ਜਾਂ ਫ਼ਿਜ਼ਾਇਸ਼,
ਬਸ ਬਵਦ ਦਰਕਾਰਿ ਮਾ॥

[ਗ਼ਜ਼ਲ ਨੰ: ੨

ਦੇ ਜ਼ਿੰਦਾ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਇਕ ਨਗਾਹੇ ਮੁਬਾਰਕ ਦਾ ਇਕ ਬਾਣ ਹੀ ਜਾਨ ਪਾਉਣ ਵਾਲਾ ਪ੍ਰਤੀਤ ਹੁੰਦਾ ਹੈ। ਨਜ਼ਰੇ-ਮੁਕੱਦਸ ਦੇ ਪਾਰਸ-ਪ੍ਰੇਮ-ਤੀਰ ਵਿਚ ਇਕ ਅਬਦੀ ਜ਼ੀਸਤ (ਅਮੁੱਕ ਜੀਵਨ) ਦੇਣ ਵਾਲੀ ਜ਼ਿੰਦਾ ਕਰਾਮਾਤ ਅਤੇ ਪਾਕ ਤਾਸੀਰ ਕੇਵਲ ਉਨ੍ਹਾਂ ਨਦਰ ਨਿਹਾਲ ਹੋ ਕੇ ਨਦਰਿਸ਼ਟ ਜਨਾਂ ਨੂੰ ਹੀ ਮਨ ਬਚ ਕ੍ਰਮ ਕਰਕੇ ਪ੍ਰਤੀਤ ਹੁੰਦੀ ਹੈ ਜਿਨ੍ਹਾਂ ਉਤੇ ਕਿ ਭੂਤ ਭਵਾਨ ਵਿਖੇ ਇਹ ਨਦਰ ਸੱਚ ਮੁੱਚ ਅਤੇ ਪਰਤੱਖ ਵਾਪਰੇ ਤਜਰਬੇ ਵਿਚ ਹੋਈ ਹੈ। ਉਹ ਪਾਰਸ-ਕਲਾ ਵਾਲੇ ਸੱਚੇ ਕੀਮੀਆਗਰ ਪਾਤਸ਼ਾਹ ਦੇ ਕਰ-ਕੰਵਲਾਂ ਨਾਲ ਸਪਰਸ਼ੇ ਗਏ। ਸਰਬਲੋਹੀ ਬਾਣ ਭੀ ਅਣਿਆਲੇ ਨੂਰ ਤੇਜਮ੍ਹੀ ਪ੍ਰੇਮ-ਬਾਣ ਹੋ ਗਏ। ਤਿਨ੍ਹਾਂ ਦੀ ਪੀੜਾ ਕਿਸ ਨੂੰ ? ਤਿਨ੍ਹਾਂ ਨੇ ਕਿਸੇ ਨੂੰ ਕੀ ਘਾਇਲ ਕਰਨਾ ਤੇ ਕੀ ਮਾਰ ਮੁਕਾਉਣਾ ? ਤਿਨ੍ਹਾਂ ਨੂੰ ਤਾਂ ਜ਼ੀਸਤ ਅਬਦੀ (ਅਮੁੱਕ ਜੀਵਨੀ) ਹਾਸਲ ਹੋ ਗਈ। ਹਾਂ ਜੀ ! ਸ੍ਰੀ ਦਸਮੇਸ਼ ਸਾਹਿਬ ਸੱਚੇ ਪਾਤਸ਼ਾਹ ਸੱਚ ਮੁੱਚ ਜੀਅ-ਦਾਨ ਦੇਣ ਆਏ, ਮੋਇਆਂ ਨੂੰ ਅਮਰ ਕਰਾਉਣ ਆਏ।

ਰੱਬੀ ਗੁਰੂ ਅਵਤਾਰਾਂ, ਰੱਬੀ-ਰਹਿਮਤੀ ਪਾਰਸ-ਕਲਾ ਦੀਆਂ ਰਮਜ਼ਾਂ ਨੂੰ ਫੋਕ-ਫਲਸਫ਼ੀਏ ਰੀਫ਼ਾਰਮਰ ਕੀ ਜਾਣਨ। ਤਿਨ੍ਹਾਂ ਦਾ ਸ੍ਰੀ ਦਸਮੇਸ਼ ਪਿਤਾ ਸੱਚੇ ਸਾਹਿਬ ਨੂੰ ਗੁਮਰਾਹ ਹੁੱਬਲ ਵਤਨ (Misguided Patriot) ਲਿਖ ਦੇਣਾ ਕਿਡੀ ਹੋਛੀ ਹਮਾਕਤ ਹੈ, ਪਰ ਉਹ ਬੱਪੜੇ ਮਤਸਰੀ ਕੀ ਕਰਨ ! ਓਹਨਾਂ ਦੀ ਅਲਪੱਗ ਬੁਧ ਹੀ ਏਤਨੀ ਹੈ। ਸਰਬੱਗ ਪੁਰਸ਼ਾਂ ਦੀ ਸਾਰ ਜੇ ਅਲਪੱਗ ਰੀਫ਼ਾਰਮਰ ਜਾਣ ਸਕਣ ਤਾਂ ਸਰਬੱਗਤਾ ਦੀ ਕਦਰ ਸਸਤ-ਮੁੱਲੀ ਨਾ ਹੋ ਜਾਏ ? ਸ੍ਰੀ ਦਸਮੇਸ਼ ਜੀ ਦਾ ਆਦਰਸ਼ ਬੜਾ ਉੱਚਾ ਹੈ। ਇਸ ਉੱਚ ਔਜ ਨੂੰ ਨੀਵੀਂ ਅਕਲ ਵਾਲੇ ਅਲਪੱਗ ਜੀਵ ਕੀ ਪਛਾਨਣ ? ਗੁਰਸਿਖਾਂ ਨੂੰ ਅਜਿਹਾ ਉੱਚਾ ਸੁੱਚਾ ਆਦਰਸ਼ ਛਡ ਕੇ ਆਨ ਅਲਪੱਗ ਰੀਫ਼ਾਰਮਰਾਂ ਦੇ ਤੁਛ ਆਦਰਸ਼ ਉਤੇ ਚਲਣਾ ਅਧੋਗਤੀ ਦੀ ਨਿਸ਼ਾਨੀ ਹੈ।

ਸ੍ਰੀ ਦਸਮੇਸ਼ ਜੀ ਦਾ ਆਦਰਸ਼ ਕੋਈ ਗੁੱਝਾ ਛਿਪਾ ਨਹੀਂ ਹੈ। ਆਪਣੇ ਸ੍ਰੀ ਮੁਖਵਾਕ ਦੁਆਰਾ ਹੀ ਸ੍ਰੀ ਦਸਮੇਸ਼ ਜੀ ਸਾਹਿਬ ਨੇ ਆਪਣਾ ਆਦਰਸ਼ ਇਸ ਬਿਧਿ ਵਰਨਣ ਕੀਤਾ ਹੈ—

ਹਮ ਇਹ ਕਾਜ ਜਗਤ ਮੋ ਆਏ॥
ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ॥
ਦੁਸ਼ਟ ਦੋਖੀਅਨ ਪਕਰਿ ਪਛਾਰੋ॥
ਯਾਹੀ ਕਾਜ ਧਰਾ ਹਮ ਜਨਮੰ॥
ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥
ਦੁਸ਼ਟ ਸਭਨ ਕੋ ਮੂਲ ਉਪਾਰਨ॥

[ਬਚਿਤ੍ਰ ਨਾਟਕ

ਸ੍ਰੀ ਦਸਮੇਸ਼ ਜੀ ਦਾ ਧਰਮ ਅਤੇ ਧਰਮੀਆਂ

*ਅਸੀਂ ਉਸ ਕਲਗੀਧਰ ਪ੍ਰੀਤਮ ਦੇ ਨੇਤਰਾਂ ਦੇ ਇਕ ਇਸ਼ਾਰੇ ਦੀ ਤਾਬ ਭੀ ਨਹੀਂ ਲਿਆ ਸਕਦੇ। ਸਾਡੇ ਲਈ ਉਸ ਦੀ ਜੀਵਨ ਬਖ਼ਸ਼ਣ ਵਾਲੀ ਇਕ ਮਿਹਰ ਭਰੀ ਤਕਣੀ ਹੀ ਕਾਫ਼ੀ ਹੈ।



www.AKJ.Org

ਦੀ ਰੱਖਿਆ ਕਰਨਾ ਅਤੇ ਪਾਪ ਤੇ ਪਾਪੀਆਂ ਨੂੰ ਮਾਰਿ ਬਿਦਾਰਨਾ ਕੇਵਲ ਇਕੋ ਮੁਖ-ਮੰਤਵੀ ਆਦਟਸ਼ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਦੀ ਵਿਆਖਿਆ ਹੈ। ਜੀਅ-ਦਾਨ ਦੇ ਭਗਤੀ ਲਾਵਣਾ ਅਤੇ ਵਿਛੜੇ ਜਗਿਆਸੂਆਂ ਨੂੰ ਅਕਾਲ ਪੁਰਖ ਦਾ ਦਰਸ਼ਨ ਕਰਾਵਣਾ ਸਰਬ ਧਰਮਾਂ ਸਿਰ ਸਰੇਸ਼ਟ ਧਰਮ ਹੈ ਅਤੇ ਪਾਪ ਦਾ ਮਾਰ ਬਿਦਾਰਨਾ ਅਤੇ ਪਾਪੀਆਂ ਦਾ ਸੰਘਰਨਾ ਇਕੋ ਜਿਹਾ ਹੀ ਪੁੰਨ ਧਰਮ ਹੈ। ਪੰਜਾਂ (ਵਿਕਾਰਾਂ) ਦੇ ਪੁੰਜ ਪਾਪਿਸ਼ਟ ਪ੍ਰਾਣੀਆਂ ਨੂੰ ਸੋਧਣਾ ਸਾਧਣਾ ਐਸਾ ਹੀ ਪ੍ਰਵਾਣੀਕ ਹੈ ਜੈਸਾ ਕਿ ਪੰਜ ਦੋਖਾਂ ਦਾ ਦਮਨ ਕਰਨਾ। ਅੰਦਰਲੇ ਪੰਜੇ ਮਹਾਂ ਬਲੀ ਦੂਤਾਂ ਨੂੰ ਬੱਧ ਕਰਨਾ ਐਸਾ ਹੀ ਪੁੰਨ-ਪੁੰਜ ਹੈ ਜੈਸਾ ਕਿ ਪੰਜਾਂ ਦੇ ਪੁੰਜ ਮੁਜੱਸਮ ਦੁਸ਼ਟਾਂ ਦਾ ਸੰਘਾਰਨਾ ਹੈ। ਪੰਜ ਵਿਕਾਰਾਂ ਦੇ ਮਾਰ ਬਿਦਾਰਨ ਦਾ ਸੱਚਾ ਢੋਆ ਨਾਮ ਦਾ ਖੰਡਾ ਹੈ ਅਤੇ ਪੰਜਾਂ ਦੇ ਪੁੰਜ ਹਤਿਆਰਿਆਂ ਦੇ ਸੋਧਣ ਦਾ ਸਾਧਨ ਭੀ ਪ੍ਰੇਮ ਦਾ ਖੜਗ ਹੈ, ਜੋ ਸਮੇਂ ਸਮੇਂ ਦੀ ਲੋੜ ਅਨੁਸਾਰ ਗੁਰੂ-ਜੋਤਿ-ਜਾਮਿਆਂ ਨੇ ਵਰਤ ਦਿਖਾਇਆ, ਪਰ ਆਦਰਸ਼ ਵਿਚ ਕੋਈ ਫਰਕ ਨਹੀਂ ਆਇਆ। ਕਿਉਂਕਿ ਦਸੇ ਗੁਰੂ ਸਾਹਿਬਾਨ ਦੀ ਅਸਲੀਅਤ ਇਹ ਹੈ—

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ ॥

[ਸਤੇ ਬਲਵੰਡ ਦੀ ਵਾਰ, ੯੬੬
["ਗੁਰਮਤਿ ਵਿਚਾਰ" ਵਿਚੋਂ ਧੰਨਵਾਦ ਸਹਿਤ

# ਦਸਮੇਸ਼ ਦੇ ਚਰਨਾਂ ਵਿਚ ਜੋਦੜੀ

[ਵਲੋਂ:—ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ, ਗੁੜਗਾਉਂ]

ਦਸਮੇਸ਼ ਤੇਰੇ ਦਰਸ ਦੀ ਬਸ ਇਕ ਝਲਕ ਦਰਕਾਰ ਹੈ।
ਲੋਕ ਤੇ ਪਰਲੋਕ ਦਾ ਸਮਝਾਂਗਾ ਬੇੜਾ ਪਾਰ ਹੈ।
ਨਾ ਸਿਫਾਰਸ਼ ਕਿਸੇ ਦੀ ਤੇ ਨਾ ਵਿਚੋਲਾ ਹੈ ਕੁਈ,
ਨਾ ਐਬ ਮੇਰੇ ਵੇਖ, ਤੇਰਾ ਨਾਮ ਪਤਿਤ-ਉਧਾਰ ਹੈ।
ਨਾ ਰਾਜ ਦੀ ਹੈ ਮੰਗ, ਤੇ ਨਾ ਲੋੜ ਤਾਜੋ ਤਖ਼ਤ ਦੀ,
ਦੀਦਾਰ ਦਾ ਦਾਰੂ ਹੀ ਇਹ ਬਸ ਮੰਗਦਾ ਬੀਮਾਰ ਹੈ।
ਢਹਿ ਪਿਆ ਹਾਂ ਦੁਆਰ ਤੇ ਬਸ ਅਉਗਣਾਂ ਨੂੰ ਬਖ਼ਸ਼ ਦੇ,
ਤੇ ਲੇਖਿਆਂ ਨੂੰ ਮੇਟ, ਤੇਰਾ ਬਿਰਦ ਬਖਸ਼ਨਹਾਰ ਹੈ।
ਜੋਦੜੀ ਹੈ ਕਢ ਲੈ, ਮੋਹ ਮਾਮਤਾ ਦੀ ਖੋਭ ਚੋਂ,
ਬਾਂਹ ਪਕੜ ਕੇ ਪਾਰ ਕਰ, ਨਜ਼ਦੀਕ ਹੀ ਮੰਝਧਾਰ ਹੈ।
ਹੋ ਚੁਕੀ ਨਿਰਜਿੰਦ 'ਮਿੱਤਰ', ਮੋਈ ਸੁਰਤ ਜਿਵਾਲ ਦੇ,
ਰਸ ਛੁੜਾ ਇਸ ਜਗਤ ਦੇ, ਦੇ ਰਸ ਜੁ ਅਮਿਉ-ਧਾਰ ਹੈ।

*ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿਟ ਨੰਬਰ ਜ਼ਰੂਰ ਦੇਵੋ ਜੀ। ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।*



www.AKJ.Org

# ਪ੍ਰਗਟੇ ਗੁਪਾਲ ਗੋਬਿੰਦ ਲਾਲਨ

[ਵਲੋਂ–ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਆਇਆ ਹਲੋਰਾ ਰਸ-ਝਕੋਰਾ ਪ੍ਰੇਮ-ਕਾਂਗਾਂ ਉਠੀਆਂ।
ਅਰਸ਼ੋਂ ਅਗੰਮੀ ਥਰ-ਥਰੰਮੀ ਨੂਰ-ਕਿਰਨਾਂ ਵੁੱਠੀਆਂ। ੧।
ਆਂਙਣਿ ਅਗੰਮੋਂ ਵੁਠੜੀ ਰਸ-ਜੋਤਿ-ਦਾਮਨ ਚਾਂਦਨੀ।
ਨਭਿ ਨਾਭਿ ਇਕ-ਰਸ ਤਾਰ ਉਠੀ ਨਾਦ-ਧੁਨਿ ਬਿਸਮਾਦਨੀ। ੨।
ਸੁਨਿ ਸ਼ਬਦ ਚਾਤ੍ਰਿਕ ਬਿਸਮਨਾਦ੍ਰਕ ਉਘਰ ਗਈਆਂ ਅੱਖੀਆਂ।
ਖੁਲ੍ਹੀ ਸਮਾਧ ਅਗਾਧ ਤਾੜੀ ਅਮੀ ਮਾਖਿਉ ਚੱਖੀਆਂ। ੩।
ਜਾਂ ਨੀਝ ਲਾਈ ਜਾਂਚਿ ਡਿਠਾ ਜੋਤਿ ਬੁੱਕਾ ਜਗਮਗੀ।
ਜੋਤਿ-ਸੋਮਾ ਜੋਤਿ-ਚਸ਼ਮਾ ਜੋਤਿ-ਮੰਬਾਅ ਕਿਰਨਗੀ। ੪।
ਇਕ ਜੋਤਿ ਬੁਕਿਉਂ ਜੋਤਿ ਜਗਨੀ ਕੋਟ ਕਿਰਨਾਂ ਪਸਰੀਆਂ।
ਇਕ ਇਕ ਕਿਰਨ ਤੋਂ ਦਗਨਿ ਦਮਕਾਂ ਕੋਟ ਸੂਰਜ ਸਸਰੀਆਂ। ੫।
ਸਸ ਭਾਨ ਕੋਟ ਕੋਟਾਨ ਜੋਤਿ ਜਗਾਨ ਇਸ ਦਿੱਬ ਜੋਤੀਓਂ।
ਦਿਬ ਜੋਤਿ ਜੋਤੀ ਓਤ ਪੋਤੀ ਹੋਤ ਜੋਤਿ ਉਦੋਤੀਓਂ। ੬।
ਨੂਰ ਮਣੀਅਤ ਜੋਤਿ ਜੜੀਅਤਿ ਜਿਗਾ ਕਲਗੀ ਕ੍ਰਿਸ਼ਮਣੀ।
ਚਕਰ ਸੁਦਰਸ਼ਨ ਜਗਮਗਾਵੇ ਕ੍ਰਿਸ਼ਨ ਕੁੰਡਲ ਸਿਸਮਣੀ। ੭।
ਸੀਸ ਚੱਕਰ ਕੁੰਡਲੀਆ ਮਣਿ ਜੋਤਿ ਜੜਤ ਦੁਮਾਲੜਾ।
ਮੁਖ ਨੂਰ ਨੂਰੀ ਸਸਿ ਠਰੂਰੀ ਭਾਲ ਲਾਲ ਗੁਲਾਲੜਾ। ੮।
ਲਬ ਲਾਲ ਮਣੀਏਂ ਨੂਰ ਕਣੀਏਂ ਬਿਜਲ ਦੰਤ ਰੀਸਾਲੜੇ।
ਕੰਚਨ ਕਪੋਲ ਅਮੋਲ ਨੂਰੀ ਜੋਤਿ ਨਗ ਜਲਵਾਲੜੇ। ੯।
ਲੋਇਣ ਅਮੀਆਲੜੇ ਰਸਿ-ਜੋਤਿ ਪ੍ਰੇਮ-ਪਿਆਲੜੇ।
ਕੈ ਖੜਗ ਜੋਤਿ ਜਲਾਲੜੇ ਕੈ ਤੀਰ ਖੱਗ ਅਣੀਆਲੜੇ।੧੦।
ਸੁਖ ਦਰਸ-ਦਾਤਿ ਅਣਦੋਈਆਂ ਅਜ ਨਦਰ ਮੇਹਰਾਂ ਹੋਈਆਂ।
ਦਸਮੇਸ਼ ਜਿਗੀ ਕਲਗੇਸ਼ ਜੋਤਾਂ ਦਿਬ ਦੀਦ ਅਲੋਈਆ।੧੧।
*"ਸਫਲਾ ਸੁ ਦਿਨਸੁ ਰੈਣੇ ਸੁਹਾਵੀ ਅਨਦ ਮੰਗਲ ਰਸੁ ਘਨਾ ॥
"ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ ॥"

[ਪੋਹ ਸੁਦੀ ਸਪਤਮੀ, ਸ਼ਨੀਵਾਰ ੨੩ ਦਸੰਬਰ ੧੯੩੮) ["ਦਰਸ਼ਨ ਝਲਕਾਂ" ਪੁਸਤਕ ਵਿਚੋਂ

ਆਂਙਣਿ–ਹਿਰਦੇ ਰੂਪੀ ਵੇਹੜੇ ਵਿਚ। ਦਾਮਨ–ਬਿਜਲੀ। ਨਭਿ ਨਾਭਿ–ਨਾਭੀ ਤੇ ਦਸਮ ਦੁਆਰ ਵਿਚ। ਬਿਸਮਾਦਨੀ–ਅਸਚਰਜਤਾ ਭਰੀ ॥੨॥ ਬਿਸਮ ਨਾਦ੍ਰਿਕ–ਅਜੀਬ ਸ਼ਬਦ ॥੩॥ ਸਸਰੀਆਂ–ਚੰਦਰਮਾ ਦੀਆਂ ॥੫॥ ਸਸ ਭਾਨ–ਚੰਦ ਤੇ ਸੂਰਜ। ਕੋਟ ਕੋਟਾਨ–ਕ੍ਰੋੜਹਾਂ ਹੀ। ਉਦੋਤੀਓਂ–ਪ੍ਰਕਾਸ਼ ਤੋਂ॥੬॥ ਮਣੀਅਤ–ਮਣੀ। ਸਿਸਮਣੀ–ਸੀਤਲ ਮਣੀ ॥੭॥ ਭਾਲ–ਮੱਥਾ ॥੮॥ ਰੀਸਾਲੜੇ–ਰਸ ਭਰੇ ਸੁੰਦਰ। ਜਲਵਾਲੜੇ–ਚਮਕਾਂ ਮਾਰਦੇ ॥੯॥ ਅਮੀਆਲੜੇ–ਅੰਮ੍ਰਿਤ ਭਿੰਨੇ। ਕ੍ਰਿਕੈ–ਜਾਂ। ਖੜਗ ਜੋਤਿ–ਤਲਵਾਰ ਦੀ ਲਿਸ਼ਕ। ਖੱਗ ਅਣੀਆਲੜੇ–ਅਣੀਆਂ ਵਾਲੇ ਤੀਰ ॥੧੦॥ ਅਣਦੋਈਆਂ–ਅਨੰਦ ਭਰੀਆਂ। ਅਲੋਈਆਂ–ਵੇਖੀਆਂ ॥੧੧॥

---

ਬਿਹਾਗੜਾ ਮ: ੫, ਪੰਨਾ ੫੪੩

www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ–ਜੇ. ਪੀ. ਸੰਗਤ ਸਿੰਘ ਜੀ, 75/3 ਮੁਲੁੰਡ ਕਾਲੋਨੀ, ਬੰਬਈ-82]

## *ਨਿਰੰਤਰ ਕਰਮ ਕਰਤਾ–ਪ੍ਰਭ*

ਮਧੁਭਾਰ ਛੰਦ ॥ ਤ੍ਵ ਪ੍ਰਸਾਦਿ ॥

(ਤੇਰੀ ਕਿਰਪਾ ਦੁਆਰਾ ਇਸ ਮਧੁਭਾਰ ਛੰਦ ਦੀ ਰਚਨਾ ਕਰਦਾ ਹਾਂ)

**ਮੁਨਿ ਮੁਨਿ ਪ੍ਰਣਾਮ ॥ ਗੁਨ ਗਨਿ ਮੁਦਾਮ ॥ ਅਰਿ ਬਰ ਅਗੰਜ ॥ ਹਰਿ ਨਰ ਪ੍ਰਭੰਜ ॥੧੬੧॥**

**ਸ਼ਬਦਾਰਥ**–ਮੁਨਿ = ਰਿਸ਼ੀ, ਤਪੀ । ਮਨਿ = ਮਨ ਵਿਚ । ਗਣ = ਸਮੂਹ । ਗੁਨਿ ਗਨਿ = ਗੁਣੀ ਭੰਡਾਰ । ਮੁਦਾਮ = ਸਦਾ । ਅਰਿਬਰ = ਵਡੇ ਵਡੇ ਵੈਰੀ । ਅਗੰਜ = ਅਜਿਤ । ਹਰਿਨਰ = ਸਭਨਾਂ ਦਾ । ਪ੍ਰਭੰਜ = ਨਾਸ ਕਰਤਾ ।

**ਭਾਵਾਰਥ**–ਤਪੀ ਤੇ ਰਿਸ਼ੀ ਤੈਨੂੰ ਪ੍ਰਨਾਮ ਕਰਦੇ ਹਨ । ਤੂੰ ਗੁਣਾਂ ਦਾ ਭੰਡਾਰ ਹੈਂ । ਵਡੇ ਤੋਂ ਵਡਾ ਵੈਰੀ ਵੀ ਤੈਨੂੰ ਜਿਤ ਨਹੀਂ ਸਕਦਾ । ਤੂੰ ਹਰ ਇਕ ਦਾ ਨਾਸ਼ ਕਰਨ ਵਾਲਾ ਹੈਂ ।

**ਕਾਵਿ ਭਾਵਾਰਥ–**

ਰਿਸ਼ੀ ਮੁਨੀ, ਦਾਤਾ ਤੇਰਾ ਮਾਣ ਕਰਦੇ, ਤੈਨੂੰ ਕਰਨ ਮਨ ਵਿਚ ਨਮਸਕਾਰ ਸੁਆਮੀ !
ਸਦਾ ਸਦਾ ਹੈਂ ਤੂੰ ਤੇ ਬੇਅੰਤ ਨਾਲੇ, ਸਰਬ ਗੁਣਾਂ ਦਾ ਹੈਂ ਤੂੰ ਭੰਡਾਰ ਸੁਆਮੀ !
ਸ਼ਤਰੂ ਵਡਾ ਵੀ ਨਹੀਂ ਤੈਨੂੰ ਜਿੱਤ ਸਕਦਾ, ਤੂੰ ਅਜੀਤ ਹੈਂ ਮੇਰੇ ਦਾਤਾਰ ਪ੍ਰੀਤਮ !
ਤੂੰ ਪ੍ਰਭੰਜ, ਸਭ ਦਾ ਨਾਸ ਕਰਨ ਵਾਲਾ, ਹਰ ਨਰ ਨਾਰ ਦਾ ਸੁਆਮੀ ਦਾਤਾਰ ਪ੍ਰੀਤਮ !

**ਅਨ ਗਨ ਪ੍ਰਨਾਮ ॥ ਮੁਨ ਮਨਿ ਸਲਾਮ ॥ ਹਰਿ ਨਰ ਅਖੰਡ ॥ ਬਰ ਨਰ ਅਮੰਡ ॥੧੬੨॥**

**ਸ਼ਬਦਾਰਥ**–ਅਨ ਗਨ = ਅਨਗਿਣਤ । ਸਲਾਮ = ਨਮਸਕਾਰ । ਹਰਿ ਨਰ = ਨਰ ਹਰਿ, ਨਰਾਂ ਚੋਂ ਸਿੰਘ, ਨਰ ਸਿੰਘ । ਅਖੰਡ = ਸੰਪੂਰਨ । ਬਰ ਨਰ = ਮਨੁਖਾਂ ਵਿਚ ਵਡਾ ਸਰੇਸ਼ਟ । ਅਮੰਡ – ਜਿਸ ਨੂੰ ਕਿਸੇ ਦੀ ਸਜਾਵਟ ਦੀ ਲੋੜ ਨਾ ਹੋਵੇ ।

**ਭਾਵਾਰਥ**–ਅਨਗਿਣਤ ਜੀਵ ਤੈਨੂੰ ਨਮਸਕਾਰਾਂ ਕਰਦੇ ਹਨ । ਮੁਨੀ ਲੋਕ ਮਨ ਵਿਚ ਤੈਨੂੰ ਪ੍ਰਨਾਮ ਕਰ ਰਹੇ ਹਨ । ਤੂੰ ਮਨੁੱਖਾਂ ਦਾ ਰਾਜਾ ਹੈਂ, ਅਖੰਡ ਹੈਂ, ਸੰਪੂਰਨ ਹੈਂ । ਤੂੰ ਮਨੁਖਾਂ ਚੋਂ ਸਰੇਸ਼ਟ ਹੈਂ । ਤੈਨੂੰ ਕਿਸੇ ਸਜਾਵਟ ਦੀ ਲੋੜ ਨਹੀਂ ਹੈ ।

**ਕਾਵਿ ਭਾਵਾਰਥ–**

ਨਮਸਕਾਰਾਂ ਪਏ ਕਰਨ ਅਨਗਿਣਤ ਤੈਨੂੰ, ਮਨ ਵਿਚ ਕਰਨ ਪਏ ਮੁਨੀ ਪ੍ਰਨਾਮ ਤੈਨੂੰ ।
ਨਰਾਂ ਵਿਚ ਤੂੰ ਸਿੰਘ ਸਰੂਪ ਪ੍ਰੀਤਮ, ਸ੍ਰਬ ਸਰੇਸ਼ਟ, ਸੰਪੂਰਨ ! ਪ੍ਰਨਾਮ ਤੈਨੂੰ ।

**ਅਨੰਭਵ ਅਨਾਸ ॥ ਮੁਨਿ ਮਨਿ ਪ੍ਰਕਾਸ ॥ ਗੁਨਿ ਗਨ ਪ੍ਰਨਾਮ ॥ ਜਲ ਥਲ ਮੁਦਾਮ ॥੧੬੩॥**

**ਸ਼ਬਦਾਰਥ**–ਅਨਾਸ = ਨਾਸ ਰਹਿਤ । ਅਨਭਵ = ਆਪਣੇ ਆਪ ਤੋਂ ਹੋਇਆ । ਪ੍ਰਕਾਸ਼ =



www.AKJ.Org

ਗਿਆਨ। ਜਲ ਥਲ = ਜਲ ਵਿਚ ਅਤੇ ਧਰਤੀ ਉਤੇ। ਗੁਨਿ ਗਨ = ਗੁਣਾਂ ਦੇ ਖਜ਼ਾਨੇ, ਬੇਗਿਣਤ ਗੁਣਾਂ ਦੇ ਮਾਲਕ।

ਭਾਵਾਰਥ–ਪ੍ਰਭੂ, ਤੂੰ ਗਿਆਨ ਰੂਪ ਹੈਂ, ਅਮਰ ਹੈਂ, ਰਿਸ਼ੀਆਂ ਮੁਨੀਆਂ ਦੇ ਮਨ ਦਾ ਗਿਆਨ ਪ੍ਰਕਾਸ਼ ਤੂੰ ਹੀ ਹੈਂ। ਹੇ ਸਰਬ ਗੁਣ ਭੰਡਾਰ ਪ੍ਰਭੂ ! ਤੈਨੂੰ ਨਮਸਕਾਰ ਹੈ, ਤੂੰ ਜਲ ਵਿਚ ਅਤੇ ਧਰਤੀ ਉਤੇ ਸਦਾ ਮੌਜੂਦ ਹੈਂ।

ਕਾਵਿ ਭਾਵਾਅਰਥ–

ਸੁਅਮ ਪ੍ਰਕਾਸ਼ ਤੇ ਨਾਸ ਤੋਂ ਰਹਿਤ ਪ੍ਰੀਤਮ, ਰਿਸ਼ੀਆਂ ਮੁਨੀਆਂ ਦੇ ਮਨ ਦਾ ਪ੍ਰਕਾਸ਼ ਹੈਂ ਤੂੰ।
ਹੇ ਅਨਗਿਣਤ ਗੁਣ ਸੁਆਮੀ, ਪ੍ਰਨਾਮ ਤੈਨੂੰ, ਜਲਾਂ ਥਲਾਂ ਵਿਚ ਸਰਬ ਨਿਵਾਸ ਹੈਂ ਤੂੰ।

**ਅਨਛਿਜ ਅੰਗ ॥ ਆਸਨ ਅਭੰਗ ॥ ਉਪਮਾ ਅਪਾਰ ॥ ਗਤਿ ਮਿਤਿ ਉਦਾਰ ॥੧੬੪॥**

ਸ਼ਬਦਾਰਥ–ਅਨਛਿਜ = ਨਾ ਛਿਜਣ ਵਾਲਾ। ਅੰਗ = ਸਰੀਰ। ਆਸਨ = ਤਖ਼ਤ। ਅਭੰਗ = ਨ ਟੁਟਣ ਵਾਲਾ, ਅਮਰ। ਉਪਮਾ = ਬਰਾਬਰੀ। ਗਤਿ = ਹਾਲਤ। ਮਿਤਿ = ਮਾਪ, ਅੰਦਾਜ਼ਾ। ਉਦਾਰ = ਬਹੁਤ ਵਡਾ।

ਭਾਵਾਰਥ–ਤੇਰੀ ਹਸਤੀ ਅਮਰ ਹੈ, ਤੇਰਾ ਤਖਤ ਅਡੋਲ ਹੈ। ਤੇਰੇ ਬਰਾਬਰ ਦਾ ਹੋਰ ਕੋਈ ਨਹੀਂ ਹੈ। ਤੇਰੀ ਗਤੀ ਗਿਣਤੀ ਤੋਂ ਬਾਹਰ ਅਤੇ ਬਹੁਤ ਵਡੀ ਹੈ, ਜਿਸ ਬਾਰੇ ਕੁਝ ਅਨੁਭਵ ਅੰਦਾਜ਼ਾ ਨਹੀਂ ਲਗ ਸਕਦਾ।

ਕਾਵਿ ਭਾਵਾਰਥ–

ਛਿਜਦਾ ਕਦੇ ਨਹੀਂ ਅੰਗ ਸਰੀਰ ਤੇਰਾ, ਤੂੰ ਅਛਿਜ ਹੈਂ, ਹੇ ਸਿਰਜਨਹਾਰ ਮੇਰੇ !
ਤੇਰਾ ਕਦੇ ਵੀ ਡੋਲਦਾ ਨਹੀਂ ਆਸਣ, ਤੇਰਾ ਤਖਤ ਅਭੰਗ, ਦਾਤਾਰ ਮੇਰੇ !
ਤੇਰੇ ਜੇਡਾ ਕੋਈ ਦੂਸਰਾ ਢੂੰਡਣੇ ਲਈ, ਚਲ ਨ ਸਕੇ ਮਨੁਖ ਦੀ ਅਕਲ ਦਾਤਾ !
''ਕੇਡਾ ਵਡਾ ਏਂ ਤੂੰ'' ਇਹ ਅਨੁਮਾਨ ਲਾਣਾ, ਵਡਿਓਂ ਵਡੀ ਬਹੁ ਵਡੀ ਹੈ ਗੱਲ ਦਾਤਾ !

**ਜਲ ਥਲ ਅਮੰਡ ॥ ਦਿਸ ਵਿਸ ਅਭੰਡ ॥ ਜਲ ਥਲ ਮਹੰਤ ॥ ਦਿਸ ਵਿਸ ਬਿਅੰਤ ॥੧੬੫॥**

ਸ਼ਬਦਾਰਥ–ਅਮੰਡ = ਜਿਸਨੂੰ ਕਿਸੇ ਸਜਾਵਟ ਦੀ ਲੋੜ ਨ ਹੋਵੇ। ਦਿਸ ਵਿਸ = ਦਿਸ = ਤਰਫ਼, ਪਾਸਾ। ਵਿਸ = ਦੋ ਦਿਸ਼ਾਂ ਦੀ ਵਿਚਕਾਰਲੀ ਥਾਂ। ਅਭੰਡ = ਜੋ ਇਸਤ੍ਰੀ ਚੋਂ ਪੈਦਾ ਨ ਹੋਇਆ ਹੋਵੇ। ਭੰਡ = ਇਸਤ੍ਰੀ। ਮਹੰਤ = ਵਡਾ।

ਭਾਵਾਰਥ–ਤੂੰ ਜਲ ਵਿਚ ਅਤੇ ਧਰਤੀ ਉਤੇ, ਹਰ ਥਾਂ ਸੁਭਾਇਮਾਨ ਹੈਂ। ਤੂੰ ਹਰ ਪਾਸੇ ਮੌਜੂਦ ਹੈਂ ਅਤੇ ਕਿਸੇ ਇਸਤ੍ਰੀ ਦੇ ਪੇਟੋਂ ਨਹੀਂ ਜਨਮਿਆ। ਤੂੰ ਜਲ ਵਿਚ ਅਤੇ ਧਰਤੀ ਉਤੇ ਹਰ ਥਾਂ ਮਹਾਨ ਹੈਂ। ਦਸਾਂ ਹੀ ਦਿਸ਼ਾਂ ਵਿਚ ਤੂੰ ਮੌਜੂਦ ਹੈਂ ਅਤੇ ਬਿਅੰਤ ਹੈਂ।

ਕਾਵਿ ਭਾਵਾਰਥ–

ਜਲਾਂ ਥਲਾਂ ਵਿਚ ਹਾਜ਼ਰ ਮਹਾਨ ਸੁਆਮੀ, ਬਨਾਵਟ ਲੋੜ ਨਹੀਂ ਤੈਨੂੰ ਅਮੰਡ ਪ੍ਰੀਤਮ !
ਦਸਾਂ ਦਿਸ਼ਾਂ ਵਿਚ ਸੋਭਾ ਬੇਅੰਤ ਤੇਰੀ, ਜਨਨੀ-ਮੁਕਤ ਤੂੰ ਮੇਰੇ ਅਭੰਡ ਪ੍ਰੀਤਮ !

**ਅਨਭਵ ਅਨਾਸ ॥ ਧ੍ਰਿਤ ਧਰ ਧੁਰਾਸ ॥ ਆਜਾਨ ਬਾਹ ॥ ਏਕੈ ਸਦਾਹੁ ॥੧੬੬॥**

ਸ਼ਬਦਾਰਥ–ਧ੍ਰਿਤ ਧਰ ਧੁਰਾਸ = ਧਰਤੀ ਦਾ ਸਰਦਾਰ। ਆਜਾਨ = ਪੈਦਾ ਕਰਨ ਦਾ ਵਸੀਲਾ,



www.AKJ.Org

ਜਗਤ ਰਚਨਾ ਦਾ ਮੁਢ। ਬਾਹ = ਵਾਹ ਰਖਣ ਵਾਲਾ। ਆਜਾਨ ਬਾਹ = ਜਗਤ-ਰਚਨਾ ਦੇ ਵਸੀਲੇ ਆਪਣੇ ਹੱਥ ਵਿਚ ਰਖਣ ਵਾਲਾ।

ਭਾਵਾਰਥ—ਤੂੰ ਆਪਣੇ ਆਪ ਗਿਆਨ ਪ੍ਰਕਾਸ਼ ਹੈਂ, ਧਰਤੀ ਦਾ ਸੁਆਮੀ ਹੈਂ, ਸੰਸਾਰ-ਰਚਨਾ ਦੇ ਵਸੀਲਿਆਂ ਦਾ ਮਾਲਕ ਹੈਂ, ਸਦਾ ਤੋਂ ਇਕੋ ਇਕ ਹੈ।

**ਕਾਵਿ ਭਾਵਾਰਥ—**

ਸੁਅਮ ਪ੍ਰਕਾਸ਼ ਪ੍ਰੀਤਮ, ਨਾਸ ਰਹਿਤ ਦਾਤਾ, ਤੂੰ ਹੈਂ ਧਰਤੀ ਦਾ ਪਰਮ ਸਰਦਾਰ ਸੁਆਮੀ।
ਜਗਤ ਰਚਨਾ ਦੇ ਸਾਰੇ ਵਸੀਲਿਆਂ ਦਾ ਇਕੋ ਇਕ ਤੂੰ ਹੀ ਵਸੀਕਾਰ ਸੁਆਮੀ।

**ਓਅੰਕਾਰ ਆਦਿ । ਕਥਨੀ ਅਨਾਦਿ । ਖਲ ਖੰਡ ਖਿਆਲ ॥ ਗੁਰ ਬਰ ਅਕਾਲ ॥੧੯੭॥**

**ਸ਼ਬਦਾਰਥ**—ਓਅੰ = ਪ੍ਰਮਾਤਮਾ। ਓਅੰਕਾਰ = ਹਰ ਥਾਂ ਇਕ ਰਸ ਵਿਆਪਕ। ਕਥਨੀ = ਬਿਆਨ ਕਰਨ ਨਾਲ। ਖਲ = ਦੁਸ਼ਟ। ਖੰਡ = ਨਾਸ। ਖਿਆਲ = ਫੁਰਨਾ। ਗੁਰ ਬਰ = ਸਭ ਤੋਂ ਵਡਾ।

**ਭਾਵਾਰਥ**—ਤੂੰ ਹਰ ਥਾਂ ਇਕ-ਰਸ ਵਿਆਪਕ ਹੈਂ। ਤੂੰ ਸਭ ਦਾ ਮੁੱਢ ਹੈਂ। ਕਥਨੀ ਦੁਆਰਾ ਤੇਰਾ ਆਦਿ ਨਹੀਂ ਲਭ ਸਕਦਾ, ਤੂੰ ਆਦਿ ਰਹਿਤ ਹੈਂ। ਤੂੰ ਕੇਵਲ ਫੁਰਨੇ ਨਾਲ ਹੀ ਦੁਸ਼ਟਾਂ ਦਾ ਨਾਸ ਕਰ ਦੇਣ ਦੇ ਸਮਰੱਥ ਹੈਂ। ਤੂੰ ਸਭ ਤੋਂ ਵਡਾ ਹੈਂ ਅਤੇ ਕਾਲ ਜਾਂ ਮੌਤ ਦੀ ਪਹੁੰਚ ਤੋਂ ਉੱਚਾ ਹੈਂ।

**ਕਾਵਿ ਭਾਵਾਰਥ—**

ਹਰ ਥਾਂ ਇਕ ਰਸ ਹੀ ਸਰਬ ਵਿਆਪਕ ਹੈਂ ਤੂੰ, ਸਭ ਦਾ ਮੂਲ ਤੇ ਜਨਮ ਦਾਤਾਰ ਪ੍ਰੀਤਮ।
ਤੇਰਾ ਆਦਿ ਨਹੀਂ ਕਥਨੀ ਤੋਂ ਲਭ ਸਕਦਾ, ਫੁਰਨੇ ਦੁਆਰਾ ਹੀ ਦੁਸ਼ਟ-ਸੰਘਾਰ ਪ੍ਰੀਤਮ।
ਦਾਤਾ ਵਡਾ ਏਂ, ਪਰਮ ਮਹਾਨ ਏਂ ਤੂੰ, ਸੋਚ ਸਮਝ ਤੋਂ ਉਚ ਮਹਾਨ ਦਾਤਾ।
ਤੂੰ ਅਕਾਲ ਏਂ, ਕਦੇ ਨਹੀਂ ਮਰਨ ਵਾਲਾ, ਮੌਤ ਮਰਗ ਤੋਂ ਉਚ ਮਹਾਨ ਦਾਤਾ।

**ਘਰ ਘਰ ਪ੍ਰਨਾਮ ॥ ਚਿਤਿ ਚਰਨ ਨਾਮ ॥ ਅਨਛਿਜ ਗਾਤ । ਆਜਿਜ ਨ ਬਾਤ ॥੧੯੮॥**

**ਸ਼ਬਦਾਰਥ**—ਚਿਤਿ = ਚਿਤ ਵਿਚ, ਹਿਰਦੇ ਵਿਚ। ਅਨਛਿਜ = ਪੁਰਾਣਾ ਨ ਹੋਣ ਵਾਲਾ। ਗਾਤ = ਸਰੀਰ, ਸਰੂਪ। ਆਜਿਜ = ਮੁਥਾਜ। ਨ ਬਾਤ = ਕਿਸੇ ਗੱਲੋਂ ਵੀ।

**ਭਾਵਾਰਥ**—ਘਰ ਘਰ ਵਿਚ ਤੈਨੂੰ ਪ੍ਰਨਾਮ ਕੀਤਾ ਜਾ ਰਿਹਾ ਹੈ। ਹਰ ਹਿਰਦੇ ਵਿਚ ਤੇਰੇ ਚਰਨ ਅਤੇ ਹਰ ਜੀਭ ਉਤੇ ਤੇਰਾ ਨਾਉਂ ਵਜ ਰਿਹਾ ਹੈ। ਤੇਰਾ ਸਰੂਪ ਕਦੇ ਵੀ ਛਿਜਦਾ ਨਹੀਂ। ਤੂੰ ਕਿਸੇ ਗੱਲੋਂ ਵੀ ਕਿਸੇ ਦਾ ਮੁਥਾਜ ਨਹੀਂ ਹੈਂ।

**ਕਾਵਿ ਭਾਵਾਰਥ—**

ਹਰ ਇਕ ਰਿਦੇ ਵਿਚ ਵਸਦੇ ਨੇ ਚਰਨ ਤੇਰੇ, ਰਹਿੰਦਾ ਹਰ ਰਿਦੇ ਵਿਚ ਤੇਰਾ ਨਾਮ ਪ੍ਰੀਤਮ।
ਤੇਰਾ ਜਾਪ ਹੀ ਜਪੇ ਲੁਕਾਈ ਸਾਰੀ, ਘਰ ਘਰ ਤੈਨੂੰ ਪਏ ਹੁੰਦੇ ਪ੍ਰਨਾਮ ਪ੍ਰੀਤਮ।
ਬੁੱਢਾ ਹੋਏਂ ਨ, ਕਦੇ ਵੀ ਛਿਜੇ ਨ ਤੂੰ, ਐਸਾ ਤੇਰਾ ਸਰੂਪ ਅਕਾਰ ਦਾਤਾ।
ਨ ਮੁਥਾਜ ਤੂੰ ਕਿਸੇ ਦਾ ਕਿਸੇ ਗੱਲੋਂ, ਤੂੰ ਹੈਂ ਸਰਬ ਸਮ੍ਰਥ ਦਾਤਾਰ ਦਾਤਾ।

**ਅਨਝੰਜ ਗਾਤ ॥ ਅਨਰੰਜ ਬਾਤ ॥ ਅਨਟੁਟ ਭੰਡਾਰ ॥ ਅਨ ਠਟ ਅਪਾਰ ॥੧੯੯॥**

**ਸ਼ਬਦਾਰਥ**—ਝੰਜ = ਝਗੜਾ, ਬਖੇੜਾ। ਗਾਤ = ਸਰੀਰ, ਸਰੂਪ। ਅਨ ਰੰਜ = ਰੰਜ ਰਹਿਤ। ਬਾਤ = ਗੱਲ। ਅਨਟੁਟ = ਅਤੁਟ। ਅਨ ਠਟ = ਥਾਪਣ ਰਹਿਤ।



www.AKJ.Org

ਭਾਵਾਰਥ—ਤੇਰੀ ਹਸਤੀ ਝੰਜਟਾਂ ਝਗੜਿਆਂ ਤੋਂ ਮੁਕਤ ਹੈ। ਤੂੰ ਕਿਸੇ ਗੱਲੋਂ ਗੁੱਸੇ ਨਹੀਂ ਹੁੰਦਾ। ਤੇਰੇ ਭੰਡਾਰੇ ਕਦੇ ਖ਼ਤਮ ਹੋਣ ਵਾਲੇ ਨਹੀਂ ਹਨ। ਤੂੰ ਕਿਸੇ ਤੋਂ ਵੀ ਥਾਪਿਆ ਨਹੀਂ ਜਾ ਸਕਦਾ, ਅਥਾਪ ਹੈਂ।

ਕਾਵਿ ਭਾਵਾਰਥ—

ਝਗੜੇ, ਝੰਜਟ, ਝਮੇਲਿਓਂ ਮੁਕਤ ਹੈਂ ਤੂੰ ਤੇਰੀ ਹਸਤੀ ਹੈ ਇਹਨਾਂ ਤੋਂ ਉਚ ਪ੍ਰੀਤਮ।
ਕਦੇ ਗੁੱਸੇ, ਨ ਰੰਜ, ਨਰਾਜ ਹੋਵੇਂ, ਗੁਸਿਆਂ-ਗਿਲਿਆਂ ਤੋਂ ਸਦਾ ਹੀ ਉਚ ਪ੍ਰੀਤਮ।
ਦਾਤਾ ! ਤੇਰੇ ਖਜ਼ਾਨੇ ਨਹੀਂ ਕਦੇ ਮੁਕਦੇ, ਤੂੰ ਹੈਂ ਸਦਾ ਅਟੁਟ-ਭੰਡਾਰ ਦਾਤਾ।
ਤੂੰ ਨਹੀਂ ਕਿਸੇ ਦਾ ਥਾਪਿਆ ਕਾਇਮ ਕੀਤਾ, ਸੁਆਮੀ ਤੂੰ ਹੈਂ ਅਨਠਟ ਅਪਾਰ ਦਾਤਾ।

**ਆਡੀਠ ਧਰਮ॥ ਅਤਿ ਢੀਠ ਕਰਮ॥ ਅਨਬ੍ਰਿਣ ਅਨੇਤ॥ ਦਾਤਾ ਮਹੰਤ॥੧੭੦॥**

ਸ਼ਬਦਾਰਥ—ਆਡੀਠ = ਅਡਿਠ, ਨਾ ਦਿਸਦਾ। ਧਰਮ = ਫ਼ਰਜ਼-ਸ਼ਿਨਾਸੀ। ਢੀਠ = ਦਲੇਰਾਨਾ, ਸਾਹਸੀ। ਅਨ ਬ੍ਰਿਣ = ਜੋ ਜ਼ਖ਼ਮੀ ਨ ਕੀਤਾ ਜਾ ਸਕੇ। ਬ੍ਰਣ = ਚੋਟ, ਜ਼ਖ਼ਮ। ਮਹੰਤ = ਮਹਾਂਤ, ਸਭ ਤੋਂ ਵਡਾ।

ਭਾਵਾਰਥ—ਤੇਰੀ ਫ਼ਰਜ਼-ਸ਼ਿਨਾਸੀ ਦਿਸਦੀ ਨਹੀਂ, ਪਰ ਕਮਾਲ ਦੀ ਹੈ। ਤੇਰੇ ਸਾਰੇ ਕਰਮ ਬੜੇ ਦਲੇਰਾਨਾ ਤੇ ਸਾਹਸ ਭਰੇ ਹਨ। ਤੇਰੇ ਉਤੇ ਚੋਟ ਨਹੀਂ ਕੀਤੀ ਜਾ ਸਕਦੀ। ਤੂੰ ਸਭ ਨੂੰ ਦੇਣ ਵਾਲਾ ਹੈਂ ਅਤੇ ਅਤੀ ਵੱਡਾ ਹੈਂ।

ਕਾਵਿ ਭਾਵਾਰਥ—

ਡਰ ਭਉ ਰਹਿਤ ਦਾਤਾ, ਹਰ ਇਕ ਕਰਮ ਤੇਰਾ, ਤੇਰੀ ਫ਼ਰਜ਼-ਸ਼ਿਨਾਸੀ ਕਮਾਲ ਦੀ ਏ।
ਤੇਰੀ ਸਾਹਸ-ਦਲੇਰੀ, ਮਰਦਾਨਗੀ ਦੀ, ਮਿਲਦੀ ਕਿਤਿਓਂ ਵੀ ਕੋਈ ਮਿਸਾਲ ਨਹੀਂ ਏ।
ਜ਼ਖ਼ਮੀ ਘਾਇਲ ਤੂੰ ਨਹੀਂ ਕੀਤਾ ਜਾ ਸਕਦਾ, ਚੋਟ ਸਕੇ ਨ ਕੋਈ ਤੈਨੂੰ ਲਾ ਦਾਤਾ।
ਤੂੰ ਬੇਅੰਤ ਹੈਂ ਸਭ ਨੂੰ ਦੇਣ ਵਾਲਾ, ਤੂੰ ਮਹਾਨ ਹੈਂ ਸਭ ਤੋਂ ਵਡਾ ਦਾਤਾ।

---

# ਇਕ ਵੀਰ ਦੀ ਦਰਦ-ਭਰੀ ਚਿੱਠੀ

ਧਨਬਾਦ ਤੋਂ ਵੀਰ ਨਰਿੰਦਰਜੀਤ ਸਿੰਘ ਜੀ ਲਿਖਦੇ ਹਨ—

ਦੋ ਦਿਨ ਹੋਏ, ਦਾਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਮਨਾਣ ਲਈ ਸ੍ਰੀ ਪਟਨਾ ਸਾਹਿਬ ਜੀ ਦੇ ਦਰਸ਼ਨਾਂ ਨੂੰ ਗਿਆ। ਦਾਸ ਦੇ ਦਿਲ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਬੜੀ ਸ਼ਰਧਾ ਸੀ। ਪਰੰਤੂ ਦਾਸ ਨੂੰ ਇਹ ਵੇਖਕੇ ਬਹੁਤ ਹੀ ਦੁਖ ਹੋਇਆ, ਜਦ ਦਾਸ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਕਰਨ ਗਿਆ ਤਾਂ ਸਾਹਮਣੇ ਇਕ ਤਸਵੀਰ ਗੁਰੁ ਗੋਬਿੰਦ ਸਿੰਘ ਜੀ ਮਹਾਰਾਜ ਦੀ ਪਈ ਹੈ ਅਤੇ ਦੋਹਾਂ ਪਾਸਿਆਂ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ।

ਜਦ ਕਿ ਸਿਖ ਧਰਮ ਵਿਚ ਮੂਰਤੀ-ਪੂਜਾ ਦਾ ਖੰਡਨ ਕੀਤਾ ਗਿਆ ਹੈ ਕਿ ਕੋਈ ਵੀ ਸਿੰਘ ਮੂਰਤੀ ਨੂੰ ਜਾਂ ਮੜ੍ਹੀ ਮਸਾਣ ਨੂੰ ਸਿਰ ਨਹੀਂ ਝੁਕਾਏਗਾ, ਪਰੰਤੂ ਦਸਮੇਸ਼ ਜੀ ਦੇ ਇਸ ਪਵਿਤਰ ਅਸਥਾਨ ਤੇ ਜਿਤਨੇ ਵੀ ਸੇਵਾਦਾਰ, ਗ੍ਰੰਥੀ ਤੇ ਰਾਗੀ ਸਿੰਘ ਦਾਸ ਨੇ ਦੇਖੇ ਹਨ, ਕੋਈ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਨਹੀਂ ਕਰਦਾ, ਸਿਰਫ ਉਸ ਫ਼ੋਟੋ ਨੂੰ ਹੀ ਨਮਸਕਾਰ ਕੀਤੀ ਜਾਂਦੀ ਹੈ।

ਫ਼ੋਟੋ ਨੂੰ ਮੱਥੇ ਟੇਕਣ ਦੀ ਮਨਮਤਿ ਤੋਂ ਇਲਾਵਾ ਦਾਸ ਨੇ ਰਾਤ ਨੂੰ ਉਥੇ ਥਾਲ ਵਿਚ ਦਸ ਯਾਰ੍ਹਾਂ ਦੀਵੇ ਬਾਲ ਕੇ ਫ਼ੋਟੋ ਦੀ ਆਰਤੀ ਉਤਾਰੀ ਜਾਂਦੀ ਵੇਖੀ ਹੈ, ਜਿਵੇਂ ਕਿ ਮੰਦਰਾਂ ਵਿਚ ਹੁੰਦਾ ਹੈ।

ਦਾਸ ਦੀ ਸਰਬੱਤ ਗੁਰੂ ਪਿਆਰਿਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਪਾਵਨ ਦਰਬਾਰ ਵਿਚ ਸਿੱਖੀ ਆਦਰਸ਼ ਤੋਂ ਉਲਟ ਜੋ ਮਰਯਾਦਾ ਚਾਲੂ ਕੀਤੀ ਹੋਈ ਹੈ, ਇਸ ਨੂੰ ਹਰ ਹਾਲਤ ਵਿਚ ਬੰਦ ਕੀਤਾ ਜਾਵੇ।

www.AKJ.Org

# ਬਾਣੀ ਬੀਚਾਰੀਐ ਜੀਉ

[ਵਲੋਂ—ਪ੍ਰੋ: ਗੁਰਮੁਖ ਸਿੰਘ ਜੀ, ਕਪੂਰਥਲਾ]

ਗੁਰਬਾਣੀ ਨੂੰ ਸਮੇਂ ਦੀ ਬੋਲੀ ਵਿੱਚ ਸਤਿਗੁਰੂ ਜੀ ਨੇ ਲਿਖਿਆ ਸੀ। ਇਸ ਬੋਲੀ ਦੀ ਆਪਣੀ ਲਿਖਣ-ਨਿਯਮਾਵਲੀ ਸੀ, ਜਿਸ ਨੂੰ ਅਜ ਅਸੀਂ ਵਿਸਾਰ ਬੈਠੇ ਹਾਂ। ਸ਼ਾਇਦ ਇਸ ਵਿਚ ਪੰਥ ਦਾ ਬਹੁਤਾ ਕਸੂਰ ਭੀ ਨਹੀਂ, ਕਿਉਂਕਿ ਗੁਰਬਾਣੀ ਵਿਆਕਰਣ ਦੇ ਨਿਯਮਾਂ ਨੂੰ ਸਾਧਾਰਨ ਮਨੁੱਖ ਦੇ ਪੱਧਰ ਉਤੇ ਕਦੀ ਪਰਚਾਰਿਆ ਹੀ ਨਹੀਂ ਗਿਆ। ਇਹ ਗੱਲ ਮੰਨਣ-ਯੋਗ ਹੈ ਕਿ ਜਦੋਂ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ੧੬੦੪ ਈਸਵੀ ਵਿਚ ਕੀਤੀ ਗਈ ਤਾਂ ਉਦੋਂ ਬਹੁ ਗਿਣਤੀ ਵਿਚ ਸਿਖ-ਸੰਗਤਾਂ ਇਨ੍ਹਾਂ ਨਿਯਮਾਂ ਤੋਂ ਜਾਣੂ ਸਨ। ਪਰ ੧੬੦੪ ਤੋਂ ਇਕ ਸੋ ਸਾਲ ਦੇ ਅੰਦਰ ਬੜੀਆਂ ਤਬਦੀਲੀਆਂ ਵਾਪਰੀਆਂ। ੧੭੦੪ ਵਿੱਚ ਦਸਵੇਂ ਪਾਤਸ਼ਾਹ ਜੀ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਛਡਣਾ ਪਿਆ। ਫਿਰ ਪੰਥ ਉਤੇ ਕਰੜੇ ਸਮੇਂ ਸ਼ੁਰੂ ਹੋਏ। ਪੰਥ ਨੂੰ ਜੰਗਲਾਂ ਅਤੇ ਜੁੱਧਾਂ ਨਾਲ ਜੂਝਣਾ ਪਿਆ। ਵਿਆਕਾਰਣ ਕਿਸੇ ਨੇ ਕੀ ਪੜ੍ਹਨੇ ਸਨ ਤੇ ਕਿਸ ਨੇ ਕੀ ਪੜ੍ਹਾਉਣੇ ਸਨ। ਸੋ ਸਾਲਾਂ ਪਿਛੋਂ ੧੮੦੪ ਤਕ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਕਾਇਮ ਹੋ ਚੁਕਾ ਸੀ, ਪਰ ਉਸ ਵਿਚ ਜਿਤਨਾ ਧਿਆਨ ਰਾਜ ਪ੍ਰਸ਼ਾਸਨ ਅਤੇ ਯੁੱਧਾਂ ਵਲ ਦਿਤਾ ਗਿਆ ਜਾਂ ਪਵਿਤਰ ਗੁਰਧਾਮਾਂ ਦੀ ਉਸਾਰੀ ਵਲ ਦਿਤਾ ਗਿਆ ਉਤਨਾ ਗੁਰਬਾਣੀ ਦੇ ਪੜ੍ਹਨ ਪੜ੍ਹਾਉਣ ਆਦਿ ਵਲ ਨਹੀਂ ਦਿਤਾ ਗਿਆ। ੧੯੦੪ ਵਿਚ ਸਿੰਘ ਸਭਾ ਲਹਿਰ ਜ਼ੋਰਾਂ ਤੇ ਸੀ, ਜਿਸ ਨੇ ਸੁੱਤੀ ਪਈ ਕੌਮ ਨੂੰ ਹਲੂਣਿਆ ਅਤੇ ਆਪਣੇ ਗੁਰਧਾਮਾਂ ਨੂੰ, ਜਿਹੜੇ ਭ੍ਰਿਸ਼ਟਾਚਾਰ ਦੇ ਅੱਡੇ ਬਣ ਚੁਕੇ ਸਨ, ਬਦ-ਚਲਨ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਾਉਣ ਅਤੇ ਬ੍ਰਹਮਣੀ ਰੀਤਾਂ ਰਿਵਾਜਾਂ ਦੇ ਕਰੜੇ ਫੰਧੇ ਨੂੰ ਗਲੋਂ ਲਾਹ ਸੁਟਣ ਦੀ ਬੜੀ ਜ਼ੋਰਦਾਰ ਪ੍ਰੇਰਨਾ ਕੀਤੀ। ਪੰਥ ਮਸਾਂ ਜਾਗਿਆ ਹੀ ਸੀ, ਅਤੇ ਗੁਰਦਵਾਰੇ ਸਾਂਭੇ ਹੀ ਸਨ ਅਜੇ ਅੰਮ੍ਰਿਤ ਦੇ ਖੰਡੇ ਖੜਕਾਉਣੇ ਸ਼ੁਰੂ ਹੀ ਕੀਤੇ ਸਨ ਕਿ ਇਤਨੇ ਨੂੰ ਇਕ ਨਵੀਂ ਬਿਮਾਰੀ ਆ ਚਿਮੜੀ 'ਪਾਲਿਟਿਕਸ' (ਸਿਆਸਤ), ਜੋ ਹੁਣ ਤਕ ਚਿਮੜੀ ਹੋਈ ਹੈ। ਸਿਖ ਧਰਮ ਵਿਚ ਧਰਮ ਤੇ ਸਿਆਸਤ ਇਕੋ ਹਨ। ਹੁਣ ਫ਼ਰਕ ਇਹ ਪਿਆ ਕਿ ਪਹਿਲਾਂ ਸਿਆਸਤ ਧਰਮ ਦੀ ਪਿਛਲਗ ਸੀ ਪਰ ਹੁਣ ਧਰਮ ਸਿਆਸਤ ਦਾ ਪਿਛਲਗ ਕਰ ਦਿਤਾ ਗਿਆ। ਦੇਸ਼ ਦੀ ਵੰਡ ਹੋ ਗਈ। ਸਿਖ ਸਮਾਜ ਖੇਰੂੰ ਖੇਰੂੰ ਹੋ ਗਿਆ। ਇਸ ਲਈ ਬਾਣੀ ਦੀ ਪੜ੍ਹਾਈ ਲਿਖਾਈ ਦਾ ਕੰਮ ਵੱਡੇ ਪੱਧਰ ਉਤੇ ਕਦੀ ਵੀ ਨਹੀਂ ਹੋ ਸਕਿਆ। ਜੋ ਬਹੁਤ ਹੀ ਜ਼ਰੂਰੀ ਹੈ ਅਤੇ ਹੋਣਾ ਚਾਹੀਦਾ ਹੈ।

ਸਿੰਘ ਸਭਾ ਲਹਿਰ ਅਤੇ ਗੁਰਦਵਾਰਾ ਲਹਿਰ ਦੇ ਸਮੇਂ ਦੇ ਸਿੱਖ ਵਿਦਵਾਨਾਂ ਨੇ ਜਦ ਬਾਣੀ ਨੂੰ ਧਿਆਨ ਨਾਲ ਪੜ੍ਹਨਾ ਅਰੰਭਿਆ ਤਾਂ ਕੁਝ ਧੁੰਧਲੇ ਬਦਲ ਹੌਲੀ ਹੌਲੀ ਹਟਣ ਲਗੇ। ਭਾਵ ਇਹ ਕਿ ਕਰੀਬ ੩੦੦ ਸਾਲ ਬੀਤ ਚੁਕਾ ਹੈ, ਪਰ ਅਜ ਤਕ ਬਾਣੀ ਦੀ ਅੰਦਰਲੀ ਨਿਯਮਾਵਲੀ ਨੂੰ ਆਉਂਦੀ ਪੀੜ੍ਹੀ ਤਕ ਪਹੁੰਚਾਉਣ ਦਾ ਅਉਸਰ ਹੀ ਨਹੀਂ ਬਣ ਸਕਿਆ। ੧੯੩੭-੩੯ ਵਿਚ ਪ੍ਰੋ. ਸਾਹਿਬ ਸਿੰਘ ਜੀ ਨੇ 'ਗੁਰਬਾਣੀ ਵਿਆਕਰਣ' ਪੁਸਤਕ ਲਿਖ ਕੇ ਪੰਥ ਉਤੇ ਇਕ ਵੱਡਾ ਪਰਉਪਕਾਰ ਕੀਤਾ ਹੈ। ਪਰ ਇਹ ਪੁਸਤਕ ਸੰਸਕ੍ਰਿਤ ਗਰਾਮਰ ਉਤੇ ਆਧਾਰਿਤ ਹੈ ਅਤੇ ਸੰਸਕ੍ਰਿਤ ਆਮ ਸੰਗਤਾਂ ਦੀ ਸਮਝ ਤੋਂ ਬਾਹਰੀ ਹੈ। ਫਿਰ ਭੀ ਇਸ ਪੁਸਤਕ ਤੋਂ ਖੋਜੀ ਵਿਦਵਾਨਾਂ ਨੂੰ ਭਾਰੀ ਪ੍ਰੇਰਨਾ ਮਿਲੀ ਹੈ ਅਤੇ ਮਿਲਦੀ ਰਹੇਗੀ।

ਅਜ ਆਮ ਲੋਕੀਂ ਅੰਗਰੇਜ਼ੀ ਗਰਾਮਰ



www.AKJ.Org

ਪੜ੍ਹਦੇ ਹਨ ਅਤੇ ਅਜੋਕੀ ਪੰਜਾਬੀ ਵਿਆਕਰਣ ਨੇ ਭੀ ਅੰਗਰੇਜ਼ੀ ਗਰਾਮਰ ਦੀ ਨਕਲ ਕਰ ਕੇ ਆਪਣੀ ਗਰਾਮਰ ਦਾ ਮੂੰਹ-ਮੱਥਾ ਬੰਨ੍ਹਿਆ ਹੈ। ਕ੍ਰਿਆ, ਨਾਂਵ, ਪੜਨਾਂਵ, ਵਿਸ਼ੇਸ਼ਣ, ਕ੍ਰਿਆ-ਵਿਸ਼ੇਸ਼ਣ ਅਤੇ ਹੋਰ ਕਈ ਕੁਝ ਅੰਗਰੇਜ਼ੀ ਗਰਾਮਰ ਦੀ ਨਕਲ ਹੀ ਹੈ। ਇਸ ਲੇਖ ਦੇ ਲੇਖਕ ਦੇ ਮਨ ਵਿਚ ਇਹ ਵਿਚਾਰ ਫੁਰੀ ਕਿ ਅਜ ਚਾਰੇ ਪਾਸੇ ਪੜ੍ਹੇ ਲਿਖੇ ਲੋਗ ਅੰਗਰੇਜ਼ੀ ਗਰਾਮਰ ਦਾ ਕੁਝ ਨਾ ਕੁਝ ਤਾਂ ਜਾਣਦੇ ਹੀ ਹਨ, ਕਿਉਂ ਨਾ ਗੁਰਬਾਣੀ ਵਿਆਕਰਣ ਨੂੰ ਇਸੇ ਹਿਸਾਬ ਨਾਲ ਸਮਝਾਇਆ ਜਾਏ। ਇਸ ਪ੍ਰਥਾਇ ਕੁਝ ਕਾਲਜਾਂ ਵਿਚ ਬੀ. ਏ.,ਐਮ. ਏ. ਦੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਸਾਹਮਣੇ ਲੈਕਚਰ ਭੀ ਦਿਤੇ, ਜਿਸ ਤੋਂ ਇਹ ਵਿਚਾਰ ਹੋਰ ਭੀ ਪੱਕਾ ਹੋ ਗਿਆ ਹੈ ਕਿ ਆਮ ਸਿਖ-ਸੰਗਤਾਂ ਸਾਧਾਰਨ ਸ਼ਬਦਾਵਲੀ ਵਿਚ ਪੇਸ਼ ਕੀਤੀ ਗੁਰਬਾਣੀ ਵਿਆਕਰਣ ਨੂੰ ਸਮਝ ਸਕਣਗੀਆਂ। ਇਸ ਮਨੋਰਥ ਨਾਲ ਇਸ ਲੇਖ ਤੋਂ ਗੁਰਬਾਣੀ ਵਿਆਕਰਣ ਬਾਰੇ ਲਗਾਤਾਰ ਕੁਝ ਲੇਖ ਸੰਗਤਾਂ ਦੀ ਭੇਟਾ ਕਰਨ ਦੀ ਪ੍ਰੇਰਨਾ ਹੋਈ ਹੈ। ਪਾਠਕਾਂ ਪ੍ਰਤੀ ਬੇਨਤੀ ਹੈ ਕਿ ਆਪਣੇ ਸੁਭ ਵਿਚਾਰ ਅਤੇ ਸੁਝਾਅ "ਸੂਰਾ-ਬੋਰਡ" ਨੂੰ ਭੇਜਦੇ ਰਿਹਾ ਕਰਨ, ਤਾਂਕਿ ਇਸ ਲੇਖ-ਲੜੀ ਵਿਚੋਂ ਤਰੁਟੀਆਂ ਦੂਰ ਕੀਤੀਆਂ ਜਾ ਸਕਣ। ਇਹ ਭੀ ਖਿਆਲਿਆ ਜਾ ਰਿਹਾ ਹੈ ਕਿ ਇਨ੍ਹਾਂ ਲੇਖਾਂ ਨੂੰ "ਨਵੀਨ ਗੁਰਬਾਣੀ ਵਿਆਕਰਣ" ਦਾ ਰੂਪ ਦੇ ਕੇ ਸੰਗਤਾਂ ਦੇ ਲਾਭ ਲਈ ਪਰਕਾਸ਼ਿਤ ਕਰਵਾਇਆ ਜਾਏ। ਪਰ ਇਹ ਅਜੇ ਦੂਰ ਦੀਆਂ ਗੱਲਾਂ ਹਨ।

ਇਨ੍ਹਾਂ ਲੇਖਾਂ ਵਿਚ ਸਭ ਤੋਂ ਪਹਿਲਾਂ ਕ੍ਰਿਆ (Verb) ਉਤੇ ਵਿਚਾਰ ਕੀਤੀ ਜਾ ਰਹੀ ਹੈ। ਕ੍ਰਿਆ ਗੁਰਬਾਣੀ (ਕਾਵਿ) ਦਾ ਬੜਾ ਮਹੱਤਵ-ਪੂਰਨ ਅੰਗ ਹੈ ਅਤੇ ਅਰਥ ਕਰਨ ਵਿਚ ਸੇਧ ਦਿੰਦਾ ਹੈ। ਨਾਂਵ (Nouns) ਦੀ ਆਪਣੀ ਮਹੱਤਤਾ ਹੈ। ਉਸ ਨਾਲ ਵਰਤੇ ਗਏ ਕਾਰਕੀ ਚਿੰਨ੍ਹ ਉਸ ਦੇ ਅਰਥ-ਬੋਧ ਵਿੱਚ ਸਹਾਇਕ ਹਨ। ਪਰ ਕ੍ਰਿਆ ਦੀ ਆਪਣੀ ਬਨਾਵਟ ਅਤੇ ਉਸ ਵਿਚ ਵਰਤੇ ਗਏ ਸੰਧੀ-ਛੇਦ ਨੀਯਮ ਉਸ ਦੇ ਰੂਪ ਨੂੰ ਨਿਖ਼ਾਰਦੇ ਹਨ। ਪੁਰਾਤਨ ਪੰਜਾਬੀ ਬੋਲੀ ਵਿਚ ਆਮ ਕਰਕੇ ਅਤੇ ਗੁਰਬਾਣੀ ਦੀ ਕਾਵਿ-ਬੋਲੀ ਵਿਚ ਵਿਸ਼ੇਸ਼ ਕਰਕੇ ਇਕ ਬੜੀ ਸੁੰਦਰ ਚੀਜ਼ ਦੀ ਸੋਝੀ ਪੈਂਦੀ ਹੈ। ਕ੍ਰਿਆ ਨਾਲ ਕਿਤੇ ਤਾਂ ਕਰਤਾ ਸਮੋਇਆ ਹੋਇਆ ਹੈ, ਜਿਵੇਂ "ਆਖਾ" ਵਿੱਚ (ਕਰਤਾ)'ਮੈਂਆਖਾਂ'ਜਾਂ ਜੇ ਮੈਂ ਆਖਦਾ ਹਾਂ' ਦੇ ਭਾਵ ਗੁਪਤ ਹਨ, 'ਗਾਵਹਿ' ਜਾਂ 'ਗਾਵਨਿ' ਵਿਚ ਭੀ 'ਉਹ ਗਾਉਂਦੇ ਹਨ' ਦੇ ਭਾਵ ਲੁਕੇ ਹੋਏ ਹਨ। ਕ੍ਰਿਆ ਤੋਂ ਆਪਣੇ ਆਪ ਸੰਕੇਤ ਮਿਲਦਾ ਰਹਿੰਦਾ ਹੈ ਕਿ ਕੌਣ ਕਰਤਾ ਹੈ। ਅੰਗਰੇਜ਼ੀ ਬੋਲੀ ਵਿਚ ਅਜਿਹੀ ਵਿਵਸਥਾ ਉਕਾ ਹੀ ਨਹੀਂ ਹੈ। ਉਥੇ ਕ੍ਰਿਆ ਦੇ ਨਾਲ ਕਰਤਾ ਜਾਂ ਕਰਮ ਲਗਾਣ ਨਾਲ ਹੀ ਗੱਲ ਸਪੱਸ਼ਟ ਹੁੰਦੀ ਹੈ।

ਮਤੁ ਦੇਖਿ ਭੂਲਾ ਵੀਸਰੈ,
ਤੇਰਾ ਚਿਤਿ ਨ ਆਵੈ ਨਾਉ ॥

[ਸਿਰੀ ਰਾਗ ਮ: ੧]

ਵਿਚ 'ਭੂਲਾ' ਕ੍ਰਿਆ ਹੈ ਅਤੇ ਅਰਥ ਹਨ "ਮਤਾਂ ਦੇਖ ਕੇ ਮੈਂ ਭੁਲ ਜਾਵਾਂ ਤੇ ਤੇਰਾ ਨਾਉਂ ਮੇਰੇ ਚਿਤ ਵਿੱਚ ਨ ਵਸੇ।" ਭੂਲਾਂ=ਮੈਂ ਭੁਲ ਜਾਵਾਂ।

ਇਵੇਂ ਹੀ ਕ੍ਰਿਆ ਨਾਲ ਕਈ ਵਾਰੀ ਕਰਮ ਭੀ ਟੁੰਗਿਆ ਹੋਇਆ ਮਿਲਦਾ ਹੈ—

"ਫਰੀਦਾ ਕਿਥੈ ਤੈਡੇ ਮਾਪਿਆ,
ਜਿਨੀ ਤੂ ਜਣਿਓਹਿ ॥"

ਜਣਿਓਹਿ ਕ੍ਰਿਆ ਦਾ (Passive) ਸਕਰਮਕ ਰੂਪ ਹੈ ਅਤੇ ਇਸ ਦੇ ਅਰਥ ਹਨ'ਤੂੰ ਜਣਿਆ ਗਿਆ'।

ਇਸੇ ਤਰ੍ਹਾਂ "ਬਧਹੁ ਪੁਰਖਿ ਬਿਧਾਤੈ ਤਾ ਤੂ ਸੋਹਿਆ' ਵਿਚ'ਬਧਹੁ' ਕਿਰਿਆ ਵਿਚ ਕਰਮ ਟੁੰਗਿਆ ਹੋਇਆ ਹੈ, 'ਤੈਨੂੰ ਬਧਿਆ'।

ਸੂਹੀ ਛੰਤ ਵਿਚ ਇਹ ਹੋਰ ਬੜੀ ਰੋਚਕ ਮਿਸਾਲ ਮਿਲਦੀ ਹੈ, ਜਿਥੇ ਕਰਤਾ, ਕ੍ਰਿਆ, ਤੇ ਕਰਮ ਇਕੋ ਹੀ ਸ਼ਬਦ (Word) ਵਿਚ ਸਮੋਏ ਗਏ ਹਨ—

ਮਾਰੇਹਿਸੁ ਵੇ ਜਨ ਹਉਮੈ ਬਿਖਿਆ
ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥

[ਪੰਨਾ ੭੭੬



www.AKJ.Org

ਕਈ ਅਨਜਾਣ ਪਾਠੀ ਇਸ ਭੇਦ ਨੂੰ ਨਾ ਜਾਣਦੇ ਹੋਏ ਪਾਠ ਕਰਦੇ ਹਨ ਮਾਰੇ ਹਿਸੁ। ਪਰ ਮਾਰੇਹਿਸੁ ਦੇ ਅਰਥ ਹਨ 'ਤੂੰ ਉਸ ਨੂੰ ਮਾਰ'।

ਕ੍ਰਿਆ ਦੇ ਇਨ੍ਹਾਂ ਵਿਸ਼ੇਸ਼ ਲਛਣਾਂ ਵਲ ਗੁਰਬਾਣੀ ਵਿਆਕਰਣ ਵਿਚਾਰਨ ਵੇਲੇ ਵਿਸ਼ੇਸ਼ ਧਿਆਨ ਦੇਣਾ ਜ਼ਰੂਰੀ ਹੈ। ਪ੍ਰੋਫੈਸਰ ਤੇਜਾ ਸਿੰਘ ਜੀ ਨੇ ਆਪਣੀ ਪੁਸਤਕ 'ਗੁਰਬਾਣੀ ਲਗਾਂ-ਮਾਤ੍ਰਾਂ ਦੇ ਗੁੱਝੇ ਭੇਦ' ਵਿਚ ਇਸ ਵਿਸ਼ੇ ਤੇ ਚਾਨਣਾ ਪਾਉਂਦਿਆਂ ਇਹ ਲਿਖਿਆ ਹੈ ਕਿ ਕ੍ਰਿਆ ਉਤੇ ਇਤਨਾ ਬੋਝ ਧਰਨ ਦਾ ਕਾਰਨ ਇਹ ਭੀ ਹੋ ਸਕਦਾ ਹੈ ਕਿ ਇਕ ਤਾਂ ਬਾਣੀ ਕਾਵਿ-ਰੂਪ ਵਿੱਚ ਹੈ, ਜਿਥੇ ਸ਼ਬਦਾਂ ਦੀ ਵਰਤੋਂ ਵਿੱਚ ਵੱਧ ਤੋਂ ਵੱਧ ਸੰਕੋਚ ਕਰਨਾ ਹੀ ਪੈਂਦਾ ਹੈ। ਅਤੇ ਦੂਜੇ ਪਾਸੇ ਬਾਣੀ ਪੜ੍ਹਨ ਵੇਲੇ ਸੁਰਤਿ ਭੀ ਖਿੰਡਾਉ ਵਿੱਚ ਨਾ ਜਾਏ। ਸੁਰਤਿ ਟਿਕੇ। ਇਹ ਗੱਲ ਤਾਂ ਉਹ ਸਜਨ ਭੀ ਆਪਣੇ ਨਿਜਿ ਅਨਭਵ ਤੋਂ ਕਹਿੰਦੇ ਸੁਣੇ ਹਨ ਕਿ ਲੜੀਦਾਰ ਬੀੜ ਨਾਲ ਸੁਰਤੀ ਗੁਰ-ਚਰਨਾਂ ਨਾਲ ਜੁੜੀ ਰਹਿੰਦੀ ਹੈ, ਪਰ ਪਦ-ਛੇਦ ਬੀੜ ਉਤੇ ਪਾਠ ਕਰਨ ਨਾਲ ਬਿਰਤੀ ਵਿੱਚ ਖਿੰਡਾਉ ਪਰਤੀਤ ਹੁੰਦਾ ਹੈ। ਇਹ ਗੱਲ ਠੀਕ ਜਾਪਦੀ ਹੈ ਕਿ ਪੰਚਮ ਗੁਰੂ ਜੀ ਨੇ ਬਾਣੀ ਲਿਖਵਾਉਣ ਵੇਲੇ ਇਸੇ ਵਿਚਾਰ ਨੂੰ ਮੁਖ ਰਖਿਆ ਹੋਵੇ।

ਪੰਜਾਬੀ ਵਿਆਕਰਣ ਵਿਚ ਕ੍ਰਿਆ ਦੇ ਲਛਣ ਇਸ ਪ੍ਰਕਾਰ ਦਸੇ ਹੋਏ ਹਨ—"ਜਿਹੜਾ ਸ਼ਬਦ ਕਿਸੇ ਜੀਵ ਜਾਂ ਸ਼ੈ ਦਾ ਕੰਮ ਅਤੇ ਨਾਲ ਹੀ ਉਸ ਕੰਮ ਦੇ ਕੀਤੇ ਜਾਣ ਦਾ ਸਮਾਂ ਭੀ ਦਸੇ।" ਗੁਰਬਾਣੀ ਵਿਆਕਰਣ ਅਨੁਸਾਰ ਕ੍ਰਿਆ ਜਿਥੇ ਕਿਸੇ ਦੇ ਕੰਮ ਅਤੇ ਸਮੇਂ ਦਾ ਸੰਕੇਤ ਕਰਦੀ ਹੈ, ਉਥੇ ਕਰਤਾ ਜਾਂ ਕਰਮ ਦੇ ਪੁਰਖ (Person) ਵਲ ਭੀ ਸੰਕੇਤ ਕਰਦੀ ਹੈ। ਪੁਰਖ ਤਿੰਨ ਪ੍ਰਕਾਰ ਦੇ ਹੁੰਦੇ ਹਨ—

| ਪੁਰਖ | ਇਕ ਵਚਨ | ਬਹੁ ਬਚਨ |
|---|---|---|
| ਪਹਿਲਾ-ਪੁਰਖ | = ਮੈਂ, ਹਉ | ਅਸੀਂ। |
| ਦੂਜਾ ਪੁਰਖ | = ਤੂੰ | ਤੁਸੀਂ, ਤੁਮ। |
| ਤੀਜਾ ਪੁਰਖ | = ਉਹੁ | ਉਹ, ਓਹ। |

ਜਿਵੇਂ ਉਪਰ ਭੀ ਦਸਿਆ ਗਿਆ ਹੈ ਗੁਰਬਾਣੀ ਦਾ ਕਾਵਿ ਰੂਪ ਹੋਣ ਕਰਕੇ ਪੁਰਖ ਨੂੰ ਪ੍ਰਗਟ ਕਰਨਾ ਅਤਿ ਜ਼ਰੂਰੀ ਸੀ। ਪਾਠਕ ਕ੍ਰਿਆ ਵਿੱਚ ਪੁਰਖ ਸੰਕੇਤ ਵਲ ਵਿਸ਼ੇਸ਼ ਧਿਆਨ ਦੇਣ, ਕਿਉਂਕਿ ਇਸੇ ਤੋਂ ਹੀ ਸਹੀ ਅਰਥ ਕੀਤੇ ਜਾ ਸਕਦੇ ਹਨ।

ਜੋ ਗਿਆਨੀ ਜਾਂ ਵਿਦਵਾਨ ਇਹ ਦਾਅਵਾ ਕਰਦੇ ਹਨ ਕਿ ਉਹ ਇਕੋ ਪੰਗਤੀ ਦੇ ਇਕ ਤੋਂ ਵਧ ਅਰਥ ਕਰ ਸਕਦੇ ਹਨ, ਉਹ ਸ਼ਾਇਦ ਇਹ ਗੱਲ ਭੁਲਦੇ ਹਨ ਕਿ ਵਿਆਕਰਣਿਕ ਨਿਯਮਾਂ ਅਨੁਸਾਰ ਕਿਸੇ ਤੁਕ ਦੇ ਇਕੋ ਹੀ ਅਰਥ ਸੰਭਵ ਹਨ ਅਤੇ ਇਹੋ ਹੀ ਗੁਰੂ ਸਾਹਿਬ ਜੀ ਦਾ ਆਸ਼ਾ ਭੀ ਸੀ। ਵਿਆਕਰਣ ਪੜ੍ਹਨ ਸਮਝਣ ਦਾ ਇਹੋ ਲਾਭ ਹੈ ਕਿ ਹੁਣ ਪੜ੍ਹੀ ਲਿਖੀ ਸਿਖ ਕੌਮ ਨੂੰ ਪੁਰਾਣੇ ਕਥਾਕਾਰ ਕਈ ਕਈ ਅਰਥ ਕਰ ਕੇ ਭੁਲੇਖੇ ਵਿੱਚ ਨਹੀਂ ਪਾ ਸਕਣਗੇ। ਅਤੇ ਨਾ ਹੀ ਅਜਿਹੇ ਕਥਾਕਾਰਾਂ ਨੂੰ ਅਗੋਂ ਲਈ ਕੋਈ ਮਹਾਨਤਾ ਦਿਤੀ ਜਾਏਗੀ ਜੋ ਵਿਆਕਰਣ ਨੂੰ ਲਾਂਭੇ ਰਖ ਕੇ ਅੰਧਾ-ਧੁੰਧ ਅਰਥ ਕਰੀ ਜਾਣਗੇ, ਜਿਸ ਤੋਂ ਜਗਿਆਸੂ ਦੀ ਪ੍ਰਾਪਤੀ ਜਾਂ ਤ੍ਰਿਪਤੀ ਹੋਵੇ, ਚਾਹੇ ਨ ਹੋਵੇ।

# ਤੁਹੀ ਤੁਹੀ॥ ਤੁਹੀ ਤੁਹੀ

ਜਲਸ ਤੁਹੀ ॥ ਥਲਸ ਤੁਹੀ ॥ ਨਦਿਸ ਤੁਹੀ ॥ ਨਦਸ ਤੁਹੀ ॥੧੩॥੬੩॥
ਬ੍ਰਿਛਸ ਤੁਹੀ ॥ ਪਤਸ ਤੁਹੀ ॥ ਛਿਤਸ ਤੁਹੀ ॥ ਉਰਧਸ ਤੁਹੀ ॥੧੪॥੬੪॥
ਜ਼ਿਮੀ ਤੁਹੀ ॥ ਜ਼ਮਾ ਤੁਹੀ ॥ ਮਕੀਂ ਤੁਹੀ ॥ ਮਕਾਂ ਤੁਹੀ ॥੧੬॥੬੬॥
ਜਤਸ ਤੁਹੀ ॥ ਬ੍ਰਤਸ ਤੁਹੀ ॥ ਗਤਸ ਤੁਹੀ ॥ ਮਤਸ ਤੁਹੀ ॥੧੮॥੬੮॥
ਤੁਹੀ ਤੁਹੀ ॥ ਤੁਹੀ ਤੁਹੀ॥ ਤੁਹੀ ਤੁਹੀ ॥ ਤੁਹੀ ਤੁਹੀ ॥੧੯॥੬੯॥

—ਅਕਾਲ ਉਸਤਤਿ

ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਡਾਕ ਰਾਹੀਂ ਮੰਗਾਣ ਲਈ ੧/੨੫ ਭੇਜੋ

www.AKJ.Org

# ਅਬਦਾਲੀ, ਸਿੱਖ ਤੇ ਵੱਡਾ ਘਲੂਘਾਰਾ (੨)

[ਵਲੋਂ—ਕੈਪਟਨ ਸਵਰਨ ਸਿੰਘ ਜੀ, ਘਰਿਆਲਾ]

ਇਹ ਸੂਰਮੇ ਓਸੇ ਧਰਤੀ ਦੇ ਵੱਸਣ ਵਾਲੇ ਸਨ ਜਿਸਨੂੰ ਹੁਣੇ ਹੁਣੇ ਮੁਗਲਾਂ ਤੇ ਮਰਹੱਟਿਆਂ ਨੇ ਨਿਮਾਣੀ ਜਿੰਦ ਬਚਾਉਣ ਲਈ ਦੁਰਾਨੀ ਕਜ਼ਾਕ ਨੂੰ ਭੇਟ ਕਰ ਦਿਤੀ ਸੀ। ਜਿਸ ਪੰਜਾਬ ਨਾਲ ਅੱਜ ਤਕ ਕਿਸੇ ਨਿਆਂ ਇਨਸਾਫ਼ ਨਹੀਂ ਕੀਤਾ, ਉਸ ਨੇ ਹਰ ਵਾਰ ਆਪਣਾ ਖ਼ੂਨ ਤੇ ਮਿੱਝ ਡੋਲ੍ਹ ਕੇ ੩੦ ਕਰੋੜ ਦੇਵਤਿਆਂ ਦੀ ਆਨ ਤੇ ਪਤ ਨੂੰ ਬਚਾਉਣ ਦੇ ਮਰਦਾਨਾਵਾਰ ਯਤਨ ਕੀਤੇ ਤੇ ਅੱਜ ਤੱਕ ਉਸੇ ਤਰ੍ਹਾਂ ਕਮਰਕੱਸਾ ਕਰੀ ਖੜਾ ਹੈ। ਦੇਸ਼ ਤੇ ਕੋਈ ਭੀੜ ਹੋਵੇ, ਭਾਵੇਂ ਅਨਾਜ ਦੀ ਥੁੜ ਹੋਵੇ, ਭਾਵੇਂ ਭਾਰਤ ਦੀਆਂ ਸਰਹੱਦਾਂ ਨੂੰ ਕਿਸੇ ਬਾਹਰਲੇ ਦੁਸ਼ਮਣ ਨਾਲ ਦੋ ਚਾਰ ਹੋਣਾ ਪੈ ਰਿਹਾ ਹੋਵੇ ਪੰਜਾਬ ਦੇ ਸੂਰਮੇ ਮੁਹਰਲੀਆਂ ਕਤਾਰਾਂ ਵਿਚ ਹੁੰਦੇ ਹਨ। ਦੇਸ਼ ਦੀ ਆਜ਼ਾਦੀ ਦੀ ਜੰਗ ਵਿਚ, ੧੯੬੨ ਹਿੰਦ ਚੀਨੀ ਜੰਗ ਵੇਲੇ, ੧੯੬੫ ਤੇ ੧੯੭੧ ਵਿਚ ਪਾਕੀ ਹਮਲਿਆਂ ਸਮੇਂ ਪੰਜਾਬ ਦਾ ਹਿੱਸਾ ਅਦੁਤੀ ਰਿਹਾ ਹੈ। ਦਿੱਲੀ ਤੱਕ ਟਹਿਲਦੇ ਟਹਿਲਦੇ ਆ ਜਾਣ ਵਾਲੇ ਅੱਜ ਕਿਤੇ ਰੜਕਦੇ ਨਹੀਂ। ਪੰਜਾਬ ਸਿੰਘਾਂ ਦੀ, ਪੰਜਾਬੀਆਂ ਦੀ ਸ਼ਾਨ ਹੈ, ਪਰ ਜਰਵਾਣਿਆਂ ਤੇ ਧਾੜਵੀਆਂ ਲਈ ਕਬਰਿਸਤਾਨ ਹੈ।

ਜਦੋਂ ਪੰਜਾਬ ਦੇ ਇਹ ਮੁੱਠੀ ਭਰ ਸੂਰਮੇ, ਕਲਗੀਧਰ ਦੇ ਲਾਡਲੇ, ਸਮੇਂ ਦੀ ਹਕੂਮਤ ਦੇ ਬਾਗੀ, ਜਿਨ੍ਹਾਂ ਦੇ ਸਿਰਾਂ ਦੇ ਇਨਾਮ ਮੁਕੱਰਰ ਸਨ, ਜਿਨ੍ਹਾਂ ਦੀ ਕਤਲੇਆਮ ਵਿਚ ''ਗ਼ਾਜ਼ੀ'' ਭਰਾਵਾਂ ਨੂੰ ਸਵਾਬ ਮਿਲਦਾ ਸੀ, ਜੂਝ ਰਹੇ ਸਨ, ਓਦੋਂ ਸੂਰਜ ਤੇ ਚੰਦ ਨਾਲ ਰਿਸ਼ਤੇ ਗੰਢ ਗੰਢ ਕੇ ਸੂਰਜਬੰਸੀ ਤੇ ਚੰਦਰਬੰਸੀ ਕਹਾਉਣ ਵਾਲੇ ਰਾਜਪੂਤ, ਮਰਹੱਟੇ, ਡੋਗਰੇ, ਜਾਟ ਆਦਿ ਉੱਚੀਆਂ ਸ਼ਰੇਣੀਆਂ ਵਾਲੇ ਮੁਰਦਿਆਂ ਵਾਂਗ ਮੂਧੇ ਮੂੰਹ ਪਏ ਸਨ ਤੇ ਦੁਰਾਨੀ ਤੋਂ ਡਰਦੇ ਹਿਲਦੇ ਤਕ ਨਹੀਂ ਸਨ। ਕੁੜੀਆਂ ਜਾਂਦੀਆਂ ਤਾਂ ਜਾਣ। ਪਰਾਇਆ ਧਨ ਹੈ, ਇਹਨਾਂ ਤਾਂ ਜਾਣਾ ਹੀ ਹੈ, ਐਵੇਂ ਖ਼ਾਹ-ਮਖ਼ਾਹ ''ਸ਼ਹਿਨਸ਼ਾਹ ਸਲਾਮਤ ਅਹਿਮਦ ਸ਼ਾਹ'' ਦਾ ਕਹਿਰ ਕਿਉਂ ਮੁੱਲ ਲਿਆ ਜਾਵੇ, ਇਹ ਕੋਈ ਅਕਲਮੰਦੀ ਹੈ!

## ਭਾਰਤਵਰਸ਼ ਦੇ ਰੂਹਾਨੀ ਆਗੂ

ਅਜਿਹੀ ਬਿਪਤਾ ਦੇ ਵੇਲੇ ਭਾਰਤ ਦੇ ਰੂਹਾਨੀ ਆਗੂ ਕੀ ਕਰ ਰਹੇ ਸਨ? ਸਮੇਂ ਦਾ ਇਤਿਹਾਸ, ਮੁਕਾਮੀ ਕਿੱਸੇ, ਕਹਾਣੀਆਂ, ਪਰਚਲਤ ਰਵਾਇਤਾਂ, ਸੀਨਾ-ਬਸੀਨਾ ਤੁਰੀਆਂ ਆ ਰਹੀਆਂ ਇਤਿਹਾਸਕ ਲੜੀਆਂ ਅਤੇ ਲੋਕ-ਗਾਥਾਵਾਂ ਭਾਵੇਂ ਹੋਰ ਕੋਈ ਸਿਲਸਿਲੇ-ਵਾਰ ਤਫ਼ਸ਼ੀਲ ਪੇਸ਼ ਨਹੀਂ ਕਰਦੀਆਂ, ਪਰ ਇਕ ਗੱਲ ਤੇ ਬੜਾ ਚੰਗਾ ਚਾਨਣ ਪਾਉਂਦੀਆਂ ਹਨ। ਭਾਰਤ ਦੇ ਰੂਹਾਨੀ ਆਗੂਆਂ, ਰਿਸ਼ੀਆਂ ਮੁਨੀਆਂ, ਬ੍ਰਹਮਚਾਰੀਆਂ, ਸਭਨਾਂ ਦਾ ਫ਼ਰਜ਼ ਸੀ ਕਿ ਇਸ ਵੇਲੇ ਹਿੰਦੀ ਦੁਖੀ ਜਨਤਾ ਦੇ ਆੜੇ ਵੇਲੇ ਕੰਮ ਆਉਂਦੇ ਅਤੇ ਕਰੋੜਾਂ ਬਾਹਵਾਂਨੂੰ ਸਹੀ ਸੇਧ ਦੇ ਕੇ ਕੁਝ ਹਜ਼ਾਰਾਂ ਦੀ ਗਿਣਤੀ ਦੇ ਮਾਲਕ ਦੁਰਾਨੀ ਧਾੜਵੀ ਦੇ ਗਲ ਪੁਆਂਦੇ, ਉਸ ਦਾ ਖੁਰਾ ਖੋਜ ਮਿਟਾਉਂਦੇ ਤੇ ਆਪਣੇ ਧਰਮ ਤੇ ਦੇਸ਼ ਨੂੰ ਸੁਰੱਖਿਅਤ ਕਰਦੇ, ਆਪਣੇ ਸਤ ਪਤ ਦੀ ਰਾਖੀ ਕਰਦੇ। ਪਰ ਇਸ ਤੋਂ ਉਲਟ ਇਹ ਬ੍ਰਹਮਚਾਰੀ ਤੇ ਸਵਾਮੀ ਲੋਗ ਡਰਦੇ ਮਾਰੇ ਸਭ ਕੁਝ ਨੂੰ ਛਡ ਛਡਾ ਕੇ ਰਿਖੀਕੇਸ਼, ਹਰਦਵਾਰ, ਪਹੇਵਾ, ਮਥਰਾ, ਬਿੰਦਰਾਬਨ ਆਦਿ ਸੁਰੱਖਿਅਤ ਤੀਰਥਾਂ ਤੇ ਜਾ ਬਿਰਾਜੇ। ਬਾਕੀ ਸਾਰੇ ਮੈਦਾਨਾਂ ਵਿਚਲੇ ਤੀਰਥ ਅਸਥਾਨ ਤੇ ਮੰਦਰ ਮੂਰਤੀਆਂ ਸੁੰਞੇ ਛੱਡ-ਛਡਾ ਕੇ ਹਿਮਾਲੀਆ ਪਰਬਤ ਦੀਆਂ ਗੁਫ਼ਾਵਾਂ ਵਿਚ ਜਾ ਸਿਰ ਲੁਕਾਏ। ਕਿਉਂ? ਇਕ ਤਾਂ ਦਾਨ ਤੇ ਪੂਜਾ ਨੇ ਇਹਨਾਂ ਦੇ ਹੱਡ ਤੇ ਆਤਮਾ ਜਰਜਰੀ ਕਰ ਛੱਡੀ ਸੀ ਤੇ ਦੂਜੀ ਦੁਰਾਨੀ ਪਾਸ ਤਲਵਾਰ ਸੀ ਤੇ



www.AKJ.Org

ਉਹ ਬੜੀ ਹੀ ਤਿਖੀ ਸੀ।

## ਅਬਦਾਲੀ ਅਤੇ ਸਿਖ

ਰਾਜਾ ਸਵਾਏ-ਮਾਧੋ ਸਿੰਘ ਜੈ-ਪੁਰ ਵਾਲਾ ਤਰਸਦਾ ਹੀ ਰਿਹਾ ਕਿ ਸ਼ਾਹ ਨਾਲ ਆਗਰੇ ਮੁਲਾਕਾਤ ਨਹੀਂ ਹੋ ਸਕੀ ਅਤੇ ਨਾ ਹੀ ਰੰਗ-ਰਲੀਆਂ ਮਨਾਈਆਂ ਜਾ ਸਕੀਆਂ।*

ਸ਼ਾਹ ਦਾ ਪੰਜਾਬ ਵੜਦਿਆਂ ਸਿੰਘਾਂ ਜੋ ਹਸ਼ਰ ਕੀਤਾ, ਉਹ ਪਹਿਲੀ ਕਿਸ਼ਤ ਵਿਚ ਦਿਤਾ ਗਿਆ ਹੈ। ੨੨੦੦ ਲੜਕੀਆਂ ਗੋਇੰਦਵਾਲ ਦੇ ਪਤਣ ਤੇ ਹੀ ਛੁੜਾ ਲਈਆਂ ਸਨ। ਹੋਰ ਮਾਲ ਅਸਬਾਬ ਨੂੰ ਵੀ ਚੰਗਾ ਦਿਲ ਖੋਲ੍ਹ ਕੇ ਹੱਥ ਫੇਰਿਆ। ਅਗੇ ਅਗੇ ਦੁਰਾਨੀ ਅਤੇ ਮਗਰ ਮਗਰ ਸਿੰਘ। ਇਉਂ ਇਹ ਤਲਵਾਰਾਂ ਦੀ ਮਾਰ ਖਾਂਦਾ ਹੋਇਆ ਵਢੀਦਾ, ਛਾਂਗੀ-ਦਾ ਲਾਹੌਰ ਆ ਵੜਿਆ। ਬੜੇ ਕ੍ਰੋਧ ਨਾਲ ਖਾਲਸਾ ਜੀ ਦੇ ਵਿਰੁਧ ਕਈ ਮੁਹਿੰਮਾਂ ਭੇਜੀਆਂ, ਪਰ ਕੋਈ ਸਫਲਤਾ ਨਾ ਹੋਈ। ਸਿੰਘ ਤਾਂ ਹੱਥ ਨਾ ਆਏ, ਪਰ ਮੁਹਿੰਮਾਂ ਵਿਚ ਗਏ ਕਈ ਅਫ਼ਗਾਨ ਬੱਚੇ ਖ਼ਾਲਸਈ ਤੇਗ ਨਾਲ ਪਾਰ ਬੋਲ ਗਏ ਅਤੇ ਹਮੇਸ਼ਾਂ ਲਈ ਪੰਜਾਬ ਦੀ ਧਰਤੀ ਦੀ ਖ਼ਾਕ ਵਿਚ ਮਿਲ ਗਏ। ਸਿੰਘ ਜੇਹਲਮੋਂ ਪਾਰ ਸਿੰਧ ਤਕ ਅਬਦਾਲੀ ਦੇ ਪਿਛੇ ਗਏ। ਇਸ ਵਿਚ ਸ਼ੱਕ ਨਹੀਂ ਕਿ ਖ਼ਾਲਸਾ ਜੀ ਨੇ ਕਈ ਸਿਰ ਦਿਤੇ, ਪਰ ਵੱਟੇ ਵਿਚ ਲਏ ਕਿਤਨੇ, ਇਸ ਦਾ ਸ਼ੁਮਾਰ ਨਹੀਂ। ਨਾਲ ਹੀ ਅਬਦਾਲੀ ਦੇ ਲੋਟੂ ਕਾਫ਼ਲੇ ਦਾ ਭਾਰ ਵੀ ਵਾਹਵਾ ਹੌਲਾ ਕਰ ਦਿਤਾ। ਸੰਸਾਰ ਨੇ ਇਕ ਨਿਰਾਲਾ ਨਾਟਕ ਵੇਖਿਆ ਕਿ ਪਾਨੀਪਤ ਤੋਂ ਅਗੇ ਤਾਂ ਦੁਰਾਨੀ ਸ਼ਿਕਾਰੀ ਬਣ ਕੇ ਮਰਹੱਟਿਆਂ ਤੇ ਜਾਟਾਂ ਦਾ ਸ਼ਿਕਾਰ ਖੇਡਦਾ ਹੈ, ਮਨ-ਆਈਆਂ ਕਰਦਾ ਜਾ ਰਿਹਾ ਹੈ, ਪਰ ਪੰਜਾਬ ਵਿਚ ਵੜਦਿਆਂ ਹੀ ਸ਼ਿਕਾਰੀ ਖ਼ੁਦ ਸ਼ਿਕਾਰ ਹੋ ਜਾਂਦਾ ਹੈ। ਸ਼ੇਰਾਂ ਦੀ ਜੂਹ ਵਿਚ ਖ਼ਾਲਸਾ ਜੀ ਸ਼ਿਕਾਰੀ ਹੈ ਅਤੇ ਸ਼ਿਕਾਰ ਹੈ ਦੁਰਾਨੀ ਤੇ ਦੁਰਾਨੀ ਦੀ ਧਾੜ। ਸਿੰਘਾਂ ਦੀ ਦੁਰਾਨੀ ਫ਼ੌਜ ਦੇ ਹਥਿਆਰਾਂ ਉਤੇ ਡਾਢੀ ਨਿਗ੍ਹਾ ਸੀ। ਅਜ ਭੀ ਅਨੇਕਾਂ ਹੀ ਘਰਾਂ ਵਿਚ ਇਹ ਸੰਜੋਆਂ, ਤਲਵਾਰਾਂ ਤੇ ਢਾਲਾਂ ਟੰਗੀਆਂ ਮਿਲਦੀਆਂ ਹਨ।

ਸਿੰਘਾਂ ਦੇ ਇਹਨਾਂ ਕਾਰਨਾਮਿਆਂ ਦਾ ਭਰੇ ਹੋਏ ਮਨ ਨਾਲ ਜ਼ਿਕਰ ਕਰਦਾ ਹੋਇਆ ਇਕ ਗੈਰ-ਮੁਸਲਿਮ ਭਾਰਤੀ ਲਿਖਾਰੀ ਲਿਖਦਾ ਹੈ:—"......ਕਿ ਸਿਖਾਂ ਨੇ ਅਹਿਮਦ ਸ਼ਾਹ ਦੁਰਾਨੀ ਨੂੰ ਬੜਾ ਪਰੇਸ਼ਾਨ ਕੀਤਾ। ਉਸਦੀ ਫ਼ੌਜ ਨੂੰ ਕਾਫ਼ੀ ਨੁਕਸਾਨ ਪਹੁੰਚਾਇਆ। ਜੇਹਲਮੋਂ ਪਾਰ ਤਕ ਇਸ ਦਾ ਪਿੱਛਾ ਕੀਤਾ। ਸਿਖ ਵੀ ਬਹੁਤ ਮਾਰੇ ਗਏ, ਪਰ ਦੁਰਾਨੀ ਦਾ ਨੁਕਸਾਨ ਬਹੁਤ ਜ਼ਿਆਦਾ ਸੀ। ਯਾਨੀ ਸੈਨਕਾਂ ਦੀ ਸ਼ਕਲ ਵਿਚ ਅਤੇ ਮਾਲ ਅਸਬਾਬ ਦੀ ਸ਼ਕਲ ਵਿਚ......।"

ਕਿੰਨਾ ਅਫਸੋਸ ਹੈ ਇਸ ਲਿਖਾਰੀ ਨੂੰ ਦੁਰਾਨੀ ਦੇ ਨੁਕਸਾਨ ਦਾ! ਸੂਝਵਾਨ ਪਾਠਕ ਜਾਂ ਕੋਈ ਨਿਰਪੱਖ ਪੜਤਾਲੀਆ ਪੁਛ ਸਕਦਾ ਹੈ ਇਸ ਲਿਖਾਰੀ ਤੋਂ ਕਿ ਕਿਉਂ ਜੀ, ਤੁਹਾਡਾ ਅਬਦਾਲੀ, ਕੀ ਹਰਦਵਾਰ ਦੇ ਕੁੰਭ ਤੇ ਆਇਆ ਸੀ? ਜਾਂ ਹਿੰਦੁਸਤਾਨ ਦੇ ਤੀਰਥਾਂ ਦੀ ਯਾਤਰਾ ਤੇ? ਅਤੇ ਬੜੇ ਬੜੇ ਤੋਹਫੇ ਤੇ ਸੁਗਾਤਾਂ ਅਤੇ ਪ੍ਰਸ਼ਾਦ ਵਾਲੇ ਲਫਾਫ਼ੇ ਮੁਲ ਲੈ ਕੇ ਵਾਪਸ ਲਈ ਜਾ ਰਿਹਾ ਸੀ, ਜੋ ਲੁਟੇਰੇ ਸਿਖਾਂ ਨੇ ਰਾਹ ਵਿਚ ਖੋਹ ਲਏ? ਜਾਂ ਇਹ ੨੨੦੦ ਡੋਲਾ ਸੀ ਤੇ ਮਾਲ-ਅਸਬਾਬ ਦਾਜ ਵਜੋਂ ਹਥੀਂ ਦਿਤਾ ਸੀ, ਜੋ ਡਾਕੂ ਸਿਖਾਂ ਨੇ ਰਾਹ ਵਿਚ ਖੋਹ ਕੇ, ਕੁੜੀਆਂ ਘਰੋ ਘਰੀ ਪਹੁੰਚਾ ਦਿਤੀਆਂ, ਦਾਜ ਦੌਣ ਆਪ ਰਖ ਲਿਆ ਤੇ ਭਾਰਤ-ਮਾਤਾ ਨੂੰ ਕਲੰਕਤ ਕਰ ਦਿਤਾ? ਅਸ਼ਕੇ ਜਾਈਏ ਤੁਹਾਡੇ ਵਰਗੇ ਭਾਰਤੀ ਸਪੂਤਾਂ ਦੇ! ਕਿਹਾ ਨਿਰਪੱਖ ਇਤਿਹਾਸ ਲਿਖਿਆ ਜਾ ਰਿਹਾ ਹੈ!! ਕਿਉਂ ਨਾ ਆਉਣ ਵਾਲੀਆਂ ਨਸਲਾਂ ਇਹੋ ਜਿਹੀਆਂ ਤੁਹਾਡੀਆਂ ਲਿਖਤਾਂ ਪੜ੍ਹ ਪੜ੍ਹ ਕੇ ਸੂਰਬੀਰ ਬਣਨਗੀਆਂ ਤੇ ਤੂੰਬੀਆਂ ਮੜ੍ਹੀਆਂ ਤੇ ਦੀਵੇ ਜਗਾਉਣਗੀਆਂ!

ਐ ਮੇਰੇ ਪਿਆਰੇ ਭਾਰਤ ਵਰਸ਼! ਵੇਖ ਲਏ ਨੇ ਆਪਣੇ ਸਪੂਤਾਂ ਦੀ ਘਾਲ ਦੇ ਮੁਲ

---

* ਮੁਰਾਸਲਾਤ ਅਹਿਮਦ ਸ਼ਾਹ ਦੁਰਾਨੀ।



www.AKJ.Org

ਪੈਂਦੇ ! ਇਕ ਉਹ ਹਨ ਜੋ ਤੇਰੀ ਕੁਖ ਨੂੰ ਦਾਗ ਲਾਉਂਦੇ ਹਨ, ਤੇਰਾ ਅੰਗ ਵਢ ਕੇ ਦੁਰਾਨੀਬ ਘਿਆੜ ਨੂੰ ਇਸ ਲਈ ਪਾ ਦੇਂਦੇ ਹਨ ਕਿ ਉਹਨਾਂ ਦੀਆਂ ਨਿਮਾਣੀਆਂ ਜਿੰਦਾਂ ਬਖਸ਼ੀਆਂ ਜਾਣ । ਤੇਰੇ ਪਿਆਰੇ ਪੰਜਾਬ ਨੂੰ ਦੁਰਾਨੀ ਦੀ ਝੋਲੀ ਵਿਚ ਪਾ ਕੇ ਜ਼ਿੰਦਗੀ ਦਾ ਚੰਦ ਦਿਨਾਂ ਲਈ ਪਟਾ ਲਿਖਵਾਉਂਦੇ ਹਨ ।

ਪਰ ਦੂਜੇ ਪਾਸੇ ਤੇਰੇ ਸਪੂਤ ਉਹ ਹਨ ਜਿਨ੍ਹਾਂ ਦੇ ਅਗੇ ਪਿੱਛੇ, ਹੇਠ ਉਤੇ ਮੌਤ ਕੂਕਦੀ ਤੇ ਸ਼ੂਕਦੀ ਹੈ। ਰਾਤ ਕਟ ਲਈ ਹੈ, ਦਿਨ ਕਟਣ ਦੀ ਆਸ ਨਹੀਂ । ਜੇ ਦਿਨ ਪੂਰਾ ਕੀਤਾ ਹੈ ਤਾਂ ਰਾਤ ਆਉਣ ਦੀ ਆਸ ਨਹੀਂ । ਕੋਈ ਘਰ ਨਹੀਂ, ਘਾਟ ਨਹੀਂ, ਨਾ ਕੋਈ ਕਿਲ੍ਹਾ ਹੈ ਅਤੇ ਨਾ ਪੂਰੇ ਹਥਿਆਰ ਹਨ, ਜੋ ਲੈਣੇ ਹਨ ਸੋ ਵੀ ਦੁਸ਼ਮਨ ਦੀ ਹਿਕ ਤੇ ਚੜ੍ਹ ਕੇ, ਖੋਹ ਕੇ ਹਾਸਲ ਕਰਨੇ ਹਨ । ਰਸਦ, ਦਵਾਈ ਦਾਰੂ, ਜ਼ਖਮੀਆਂ ਦੀ ਦੇਖ-ਭਾਲ ਦਾ ਪ੍ਰਬੰਧ ਨਹੀਂ । ਹਰ ਪਲ ਨਵੇਂ ਸਾਕੇ ਹਨ ।

ਹੇ ਭਾਰਤ ਮਾਂ ! ਇਸ ਟੁਕੜੇ (ਪੰਜਾਬ) ਵਿਚ ਵਸਣ ਵਾਲੇ, ਤੇਰਾ ਅੰਗ ਬਘਿਆੜ ਨੂੰ ਖਾਣ ਦੇਣਾ ਤਾਂ ਕੀ ਸਗੋਂ ਉਸ ਦੇ ਦੰਦ ਤੇ ਪੰਜੇ ਹੀ ਮਰੋੜ ਦੇਂਦੇ ਹਨ, ਉਸ ਦੀ ਦੁੰਬ ਵਢ ਕੇ ਲੰਡਾ ਕਰ ਦੇਂਦੇ ਹਨ । ਆਪਣਾ ਖ਼ੂਨ ਪਾ ਕੇ ਤੇਰੀ ਮਾਂਗ ਸਵਾਰਦੇ ਹਨ। ਦੁਰਾਨੀ ਦੇ ਬਘਿਆੜਾਂ ਦੇ ਟੋਲੇ ਦੀ ਉਹ ਬਾਬ ਕਰਦੇ ਹਨ ਕਿ ਮੁੜ ਆਪਣਿਆਂ ਘੁਰਨਿਆਂ ਚੋਂ ਨਿਕਲ ਕੇ, ਹੇ ਭਾਰਤ ਮਾਂ ! ਤੇਰੇ ਵਲ ਮੈਲੀ ਅੱਖ ਨਾਲ ਵੇਖਣ ਦਾ ਹੀਆ ਨਹੀਂ ਕਰ ਸਕਦੇ। ਪਰ ਅਫਸੋਸ ! ਤੇਰੇ ਇਹਨਾਂ ਸੂਰਬੀਰ ਸਪੂਤਾਂ ਵਾਸਤੇ, ਤੇਰੇ ਲਿਖਾਰੀ ਸ਼ਲਾਘਾ ਦਾ ਸ਼ਬਦ ਤਾਂ ਇਕ ਪਾਸੇ ਰਿਹਾ, ਇਨਸਾਫ਼ ਦਾ ਸ਼ਬਦ ਵੀ ਬੋਲਣ ਨੂੰ ਤਿਆਰ ਨਹੀਂ ਹਨ। ਇਹ ਹੈ, ਉਸ ਬਘਿਆੜ ਦੇ ਡਰ ਦਾ ਅਸਰ। ਬਘਿਆੜ ਬਰਬਾਦ ਕਰ ਦਿਤਾ ਹੈ, ਉਸਦੀ ਲੂਈਂ ਵੀ ਉਡ ਪੁਡ ਗਈ ਹੈ। ਪਰ ਇਹੋ ਜਿਹੇ ਅਕ੍ਰਿਤਘਣ ਲਿਖ਼ਾਰੀਆਂ ਦੀ ਰੂਹ ਵਿਚੋਂ ਡਰ ਅਜੇ ਨਿਕਲਿਆ ਨਹੀਂ । ਇਹ ਸੁਗਾਤ, ਭਾਵ, ਇਹ ਛੂਤ ਦੀ ਬਿਮਾਰੀ ਆਪਣੀਆਂ ਆਉਣ ਵਾਲੀਆਂ ਨਸਲਾਂ ਵਿਚ ਸਮੋਣਾ ਚਾਹੁੰਦੇ ਹਨ । ਇਸ ਕੁਕਰਮ ਤੋਂ ਉਸਦਾ ਅਤੇ ਇਹੋ ਜਿਹੇ ਹੋਰ ਲਿਖਾਰੀਆਂ ਦਾ ਕੀ ਭਾਵ ਹੈ । ਇਹ ਉਹ ਜਾਣਦੇ ਹਨ ਜਾਂ ਉਹਨਾਂ ਦਾ ਰੱਬ । ਸਧਾਰਨ ਤੌਰ ਤੇ ਤਾਂ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਜਦ ਕੌਮਾਂ ਦੇ ਮੰਦੇ ਭਾਗ ਹੋਣ, ਉਦੋਂ ਹੀ ਐਸ ਕਿਸਮ ਦੇ ਸੱਚ ਦੇ ਤਿਆਗੀ ਅਤੇ ਝੂਠ ਕੁਫ਼ਰ ਦੇ ਠੇਕੇਦਾਰ ਅਣਚਾਹੇ, ਅਣਵਕਤੇ ਹੀ ਬਰਸਾਤੋਂ ਬਾਅਦ ਪਦਬਹੇੜਿਆਂ ਵਾਂਗ ਉਗਣੇ ਸ਼ੁਰੂ ਹੋ ਜਾਂਦੇ ਹਨ । ਮੁਗਲਾਂ ਦੇ ਸਮੇਂ ਤੇ ਅੰਗਰੇਜ਼ਾਂ ਦੇ ਸਮੇਂ ਏਸ ਕਿਸਮ ਦੇ ਅਕ੍ਰਿਤਘਣਾਂ ਨੇ ਖ਼ੂਬ ਜੂਠੀਆਂ ਬੁਰਕੀਆਂ ਤੇ ਚੂੰਡੀਆਂ ਹੋਈਆਂ ਹੱਡੀਆਂ ਦੇ ਢੇਰਾਂ ਦੇ ਢੇਰ ਰਾਖਵੇਂ ਕਰ ਲਏ ਸਨ । ਇਨਸਾਫ਼ ਤੇ ਇਨਸਾਨੀਅਤ ਵਜੋਂ ਇਹੋ ਜਿਹੇ ਭਰਿਸ਼ਟੇ ਹੋਏ ਨਰਕ ਗੋਚਰਿਆਂ ਉਤੇ ਲੱਖ ਕ੍ਰੋੜ ਵਾਰ ਲਾਹਨਤ !

## ਦਿਲੀ ਨੂੰ ਛਡਣ ਲਗਿਆਂ ਕੀਤੇ ਬੰਦੋਬਸਤ

ਸ਼ਾਹ ਨੇ ਅਫ਼ਗਾਨਿਸਤਾਨ ਨੂੰ ਮੁੜਨ ਲਗਿਆਂ ਆਪਣੀਆਂ ਜਿੱਤਾਂ ਦੇ ਸਿੱਟੇ ਸੁਰੱਖਿਅਤ ਤੇ ਸਦੀਵੀ ਤੌਰ ਤੇ ਆਪਣੀ ਅਡੀ ਥਲੇ ਨੱਪ ਕੇ ਰਖਣ ਲਈ ਕੁਝ ਉਚੇਚੇ ਪ੍ਰਬੰਧ ਵੀ ਕਰ ਲਏ । ਸ਼ਾਹ ਆਲਮ ਦੂਜੇ ਨੂੰ ਦਿਲੀ ਦਾ ਤਾਜਦਾਰ ਮੰਨ ਲਿਆ ਤੇ ਮਿਰਜ਼ਾ ਜਵਾਨ ਬਖਤ ਨੂੰ ਉਸਦਾ ਹੱਕੀ ਵਾਰਸ ਕਰਾਰ ਦੇ ਦਿਤਾ । ਪ੍ਰਧਾਨ ਮੰਤਰੀ ਦੀ ਪਦਵੀ ਯਾਜ਼ੀਉਦ ਦੀਨ ਇਮਾਦ-ਉਲਮਲਕ ਨੂੰ ਬਖ਼ਸ਼ੀ ਗਈ ਅਤੇ ਨਜੀਬ-ਉਦਦੌਲਾ ਨੂੰ ਫ਼ੌਜਾਂ ਦਾ ਕਮਾਂਡਰ ਥਾਪਿਆ ਗਿਆ । ਫਿਰ ਬਾਅਦ ਵਿਚ ਜ਼ੀਨਤ ਮਹੱਲ ਦੀ ਮਰਜ਼ੀ ਨਾਲ ੭ ਅਪਰੈਲ ੧੭੬੧ ਨੂੰ ਨਜੀਬਉਦਦੌਲਾ ਦਿਲੀ ਦਾ ਰੀਜੈਂਟ ਬਣ ਗਿਆ । ਜ਼ੈਨ ਖ਼ਾਂ ਨੂੰ ਸਰਹੰਦ ਦੀ ਸੂਬੇਦਾਰੀ ਦਿਤੀ ਗਈ । ਸ: ਆਲਾ ਸਿੰਘ ਨੂੰ ੨੨ ਸ਼ਬਾਨ ੧੧੭੪ ਹਿਜਰੀ ਮੁਤਾਬਕ ੨੯ ਮਾਰਚ ੧੭੬੧ ਨੂੰ ਇਕ ਫ਼ੁਰਮਾਨ ਰਾਹੀਂ ਪਟਿਆਲਾ ਦਾ ਮੁਖੀ ਮੰਨ ਲਿਆ ਗਿਆ । ਉਸ ਦੇ ਕਬਜ਼ੇ ਵਿਚ ਜਿੰਨਾ ਵੀ ਇਲਾਕਾ ਸੀ, ਉਸ



www.AKJ.Org

ਪਾਸ ਹੀ ਰਹਿਣ ਦਿਤਾ ਗਿਆ। ਇਸ ਦੇ ਬਦਲੇ ਉਸ ਨੇ ਪੰਜ ਲਖ ਰੁਪਏ ਦੁਰਾਨੀ ਨੂੰ ਤਾਰਨੇ ਮੰਨੇ ਸਨ। ਇਸ ਦੀ ਉਗਰਾਹੀ ਲਈ ਮਿਰਜ਼ਾ ਤੱਕੀ ਨੂੰ ਪਟਿਆਲੇ ਹੀ ਰਹਿਣ ਦਿਤਾ ਗਿਆ ਤੇ ਹਦਾਇਤ ਕੀਤੀ ਕਿ ਇਹ ਰਕਮ ਲੈ ਕੇ ਵਾਪਸ ਆ ਜਾਵੇ।

## *ਖ਼ਾਲਸਾ ਜੀ ਦਾ ਪੰਜਾਬ ਵਿਚ ਜ਼ੋਰ*
(1759—61)

ਅਹਿਮਦ ਸ਼ਾਹ ਨੇ ਦਿੱਲੀ ਨੂੰ ਜਾਂਦਿਆਂ ਕਰੀਮਦਾਦ ਖ਼ਾਂ ਨੂੰ ਪੰਜਾਬ ਦਾ ਸੂਬੇਦਾਰ ਥਾਪਿਆ ਸੀ। ਕੁਝ ਦੇਰ ਪਿਛੋਂ ਅਬਦਾਲੀ ਨੇ ਉਸਨੂੰ ਆਪਣੇ ਪਾਸ ਸਦਵਾ ਲਿਆ ਅਤੇ ਉਸਦੀ ਥਾਂ ਤੇ ਸਰ ਬੁਲੰਦ ਖ਼ਾਂ ਨੂੰ ਨੀਯਤ ਕੀਤਾ ਗਿਆ.ਇਹ ਸਰਬਲੰਦ ਖ਼ਾਂ ਸਿਖਾਂ ਤੋਂ ਏਨਾ ਡਰਦਾ ਸੀ ਕਿ ਕਦੀ ਵੀ ਵੱਡੇ ਲਾਮ-ਲਸ਼ਕਰ ਤੋਂ ਬਿਨਾਂ ਸ਼ਹਿਰੋਂ ਬਾਹਹ ਕਿਧਰੇ ਨਾ ਨਿਕਲਦਾ। ਉਂਜ ਦਮਗਜੇ ਮਾਰਦਾ ਰਹਿੰਦਾ ਸੀ, ਕਿ ਬੱਸ ਇਕ ਦੋ ਸਾਲਾਂ ਵਿਚ 'ਸਿਖ' ਨਾਂ ਦੀ ਚੀਜ਼ ਸਫ਼ਾ-ਹਸਤੀ ਤੋਂ ਮਿਟਾ ਦਿਤੀ ਜਾਵੇਗੀ ਅਤੇ ਹਰ ਪਾਸੇ ਇਸਲਾਮ ਦਾ ਬੋਲ-ਬਾਲਾ ਹੋਵੇਗਾ। ਜੋ ਕੰਮ ਗਾਜ਼ੀਏ ਦੀਨ ਸ਼ਹਿਨਸ਼ਾਹ ਔਰੰਗਜ਼ੇਬ ਨਹੀਂ ਕਰ ਸਕਿਆ, ਉਹ ਅਸੀਂ ਸਹਿਜੇ ਹੀ ਕਰ ਛਡਾਂਗੇ। ਅਸੀਂ ਸ਼ਾਹ ਦਾ ਹੱਥ ਵਟਾ ਕੇ ਇਹ ਕਾਫ਼ਰ ਸਮੁੱਚੇ ਤੌਰ ਤੇ ਜਹੱਨਮ ਵਿਚ ਝੌਕ ਦਿਆਂਗੇ। ਸਿੰਘਾਂ ਨੂੰ ਵੀ ਇਹਨਾਂ ਫੜਾਂ ਦੀ ਕਨਸੋਅ ਮਿਲਦੀ ਰਹਿੰਦੀ ਸੀ। ਤੇ ਉਹ ਵੀ ਕਿਸੇ ਚੰਗੇ ਮੌਕੇ ਦੀ ਉਡੀਕ ਵਿਚ ਸਨ ਕਿ ਸਰ ਬਲੰਦ ਖਾਂ ਨਾਲ ਦੋ ਦੋ ਹੱਥ ਹੋ ਜਾਣ। ਪਰ ਸਰ ਬਲੰਦ ਖ਼ਾਂ ਹਾਕਮ ਤਾਂ ਲਾਹੌਰ ਦਾ ਥਾਪਿਆ ਗਿਆ ਹੈ, ਪਰ ਲਾਹੌਰ ਵਲ ਜਾਣ ਲਈ ਮੂੰਹ ਤਕ ਨਹੀਂ ਕਰਦਾ। ਇਹ ਜਲੰਧਰ ਹੀ ਬਿਲੇ ਵਾਂਗ ਦੜ ਕੇ ਬੈਠਾ ਰਿਹਾ। ਸਿੰਘ ਜਲੰਧਰ-ਲਾਹੌਰ ਦੇ ਰਸਤੇ ਮੱਲੀ ਬੈਠੇ ਰਹੇ ਤਾਂ ਜੁ ਸਰ ਬਲੰਦ ਖਾਂ ਦਾ ਲਾਹੌਰ ਜਾਂਦੇ ਦਾ ਯੋਗ ਸਵਾਗਤ ਕੀਤਾ ਜਾਵੇ। ਪਰ ਉਸ ਨੇ ਆਪ ਤਾਂ ਜਲੰਧਰ ਘੇਸ ਮਾਰ ਛਡੀ ਅਤੇ ਸਆਦਤ ਯਾਰ ਖ਼ਾਂ ਨੂੰ ਲਾਹੌਰ ਬੈਠੇ ਨੂੰ ਹੀ ਆਪਣਾ ਨਾਇਬ ਮੁਕੱਰਰ ਕਰ ਦਿਤਾ। ਜਦ ਇਹ ਬੰਦੋਬਸਤ ਵੀ ਕਾਮਯਾਬੀ ਨਾਲ ਨਾ ਚਲਿਆ, ਭਾਵ, ਸਿੰਘਾਂ ਨੇ ਉਸਨੂੰ ਵੀ ਲਾਹੌਰ ਦੀਆਂ ਕੰਧਾਂ ਤੋਂ ਬਾਹਰ ਨਾ ਨਿਕਲਣ ਦਿਤਾ ਤੇ ਦਿਨ-ਦੀਵੀਂ ਲਾਹੌਰ ਦੀਆਂ ਬਾਹਰਲੀਆਂ ਬਸਤੀਆਂ ਲੁਟੀਂਦੀਆਂ ਰਹੀਆਂ ਤਾਂ ਦੀਵਾਨ ਸੂਰਤ ਸਿੰਘ ਨੂੰ ਲਾਹੌਰ ਦੀ ਵਾਗ-ਡੋਰ ਸੌਂਪ ਦਿਤੀ। ਆਪ ਸਰ ਬਲੰਦ ਖ਼ਾਂ ਜਲੰਧਰੋਂ ਇਕ ਇੰਚ ਬਾਹਰ ਨਹੀਂ ਨਿਕਲਿਆ, ਸਿਖ ਕਾਫ਼ਰ ਜਹੰਨਮ ਵਿਚ ਜਾਣ ਤਾਂ ਕਿਵੇਂ ਜਾਣ!

ਇਹ ਸਰ ਬਲੰਦ ਖ਼ਾਂ ਬੜਾ ਚਲਾਕ ਤੇ ਮੱਕਾਰ ਅਫ਼ਗ਼ਾਨ ਸੀ। ਇਸ ਨੂੰ ਪੂਰਾ ਪਤਾ ਸੀ ਕਿ ਜਿਹੜਾ ਜਹੱਨਮ ਦਾ ਦਰਵਾਜ਼ਾ ਉਹ ਸਿਖਾਂ ਲਈ ਖੋਲ੍ਹਣਾ ਚਾਹੁੰਦਾ ਹੈ ਉਹ ਉਸਦੇ ਆਪਣੇ ਲਈ ਵੀ ਕੋਈ ਭੀੜਾ ਨਹੀਂ। ਜੇ ਕਿਤੇ ਸਿੰਘਾਂ ਨਾਲ ਮੈਦਾਨ ਵਿਚ ਆਹਮੋ ਸਾਹਮਣੇ ਮੱਥੇ ਜੁੜ ਗਏ ਤਾਂ ਪਹਿਲੇ ਹੀ ਪਲ, ਸਮੇਤ ਗ਼ਾਜ਼ੀਆਂ ਦੇ ਜਹੱਨਮ ਦੀ ਕਹਿਰੀ ਅੱਗ ਵਿਚ ਉਹ ਸਰਕੜੇ ਤੇ ਕਾਹ ਵਾਂਗ ਭੁਜਦੇ ਪਏ ਹੋਣਗੇ। ਤੇ ਸਿੰਘ ਪੰਜਾਬ ਵਿਚ ਹੀ ਬੁਕਦੇ ਤੇ ਗੱਜਦੇ ਹੋਣਗੇ। ਇਸ ਤਥ ਦਾ ਉਸ ਨੂੰ ਭਲੀਭਾਂਤ ਗਿਆਨ ਸੀ। ਇਹ ਜਲੰਧਰੋਂ ਬੈਠਾ ਹੀ ਹਾਕਮ ਤੇ ਹਾਕਮ ਬਦਲੀ ਜਾ ਰਿਹਾ ਸੀ ਤੇ ਸਿੰਘ ਲਾਹੌਰ ਦੇ ਉਦਾਲੇ ਦੁੰਦ ਨਚਾ ਰਹੇ ਸਨ। ਰਾਤ ਨੂੰ ਲਾਹੌਰ ਦੇ ਬੂਹੇ ਬੰਦ ਰਹਿੰਦੇ। ਸ਼ਾਹੀ ਖ਼ਜ਼ਾਨੇ ਤੇ ਕਾਫ਼ਲੇ ਦਿਨ-ਦੀਵੀਂ ਲੁਟੀਂਦੇ ਸਨ। ਲਾਹੌਰ ਤੇ ਦਿਲੀ ਦੇ ਰਸਤੇ ਲਗ ਪਗ ਬੰਦ ਹੀ ਸਨ। ਸ਼ਹਿਰਾਂ ਵਿਚ ਤਾਂ ਰਾਜ ਮੁਗ਼ਲਾਂ ਅਤੇ ਅਫ਼ਗਾਨਾਂ ਦਾ ਹੀ ਵਜਦਾ ਸੀ ਪਰ ਜੂਹਾਂ ਬੇਲਿਆਂ ਵਿਚ ਰਾਜ ਸਿੰਘਾਂ ਦਾ ਸੀ। ਦਿਲੀ ਤੇ ਕੰਧਾਰ ਦੇ ਹਾਕਮ ਸਿੰਘਾਂ ਦਾ ਵਾਲ ਵੀ ਵਿੰਗਾ ਨਹੀਂ ਸਨ ਕਰ ਸਕਦੇ। ਜਲੰਧਰ ਵਿਚ ਲੁਕ ਕੇ, ਜਿਸ ਤਰ੍ਹਾਂ ਖਿਤੀ ਥੱਲੇ ਬਟੇਰਾ ਦੜਿਆ ਹੋਵੇ, ਦਿਨ ਪੂਰੇ ਕਰਨ ਵਾਲੇ ਸਰ ਬਲੰਦ ਖਾਂ ਦੀ ਕੀ ਔਕਾਤ ਸੀ। ਸੂਰਤ ਸਿੰਘ ਦੀ ਜਦ ਕੋਈ ਪੇਸ਼ ਨਾ ਗਈ ਤਾਂ ਉਸ ਨੇ ਝਟ ਅਸਤੀਫ਼ਾ ਦੇ ਕੇ ਗਲੋਂ ਬਿਪਤਾ ਟਾਲੀ।

ਹੁਣ ਸਰ ਬਲੰਦ ਖ਼ਾਂ ਨੇ ਮੀਰ ਮੋਮਨ ਖਾਂ



www.AKJ.Org

ਕਸੂਰੀਏ ਦੇ ਪੁਤ ਮੀਰ ਮੁਹੰਮਦ ਖ਼ਾਂ ਨੂੰ ਕੁਰਬਾਨੀ ਦਾ ਬਕਰਾ ਬਣਾ ਦਿਤਾ, ਭਾਵ, ਲਾਹੌਰ ਵਿਚ ਆਪਣਾ ਨਾਇਬ ਥਾਪ ਦਿਤਾ। ਪਰ ਸਿੰਘਾਂ ਦੇ ਸਾਹਮਣੇ ਇਹ ਸਾਰਿਆਂ ਨਾਲੋਂ ਮਾੜਾ ਤੇ ਕਮਜ਼ੋਰ ਸਾਬਤ ਹੋਇਆ। ਇਹ ਰਾਤ ਦਿਨ ਕਿਲ੍ਹੇ ਚੋਂ ਬਾਹਰ ਨਹੀਂ ਸੀ ਨਿਕਲਦਾ। ਸ਼ਹਿਰੋਂ ਬਾਹਰ ਰਾਜ ਖ਼ਾਲਸਾ ਜੀ ਦਾ ਸੀ। ਕੋਈ ਉਚੀ ਸਾਹ ਤੱਕ ਨਹੀਂ ਸੀ ਲੈਂਦਾ। ਹੋਰਨਾਂ ਸ਼ਹਿਰਾਂ ਦੀ ਤਾਂ ਗੱਲ ਕਿਤੇ ਰਹੀ, ਲਾਹੌਰ ਵਿਚ ਰਾਤ ਨੂੰ ਕਬਰਿਸਤਾਨ ਵਰਗਾ ਸੱਨਾਟਾ ਛਾ ਜਾਂਦਾ ਸੀ।

ਤਹਿਮਾਸ ਖ਼ਾਨ ਮਸਕੀਨ, ਜੋ ਅਹਿਮਦ ਸ਼ਾਹ ਅਬਦਾਲੀ ਦਾ ਸਮਕਾਲੀ ਸੀ ਤੇ ਮੀਰ ਮੁਅਈਨ-ਉਲਮਲਕ (ਮੀਰ ਮੰਨੂੰ) ਤੇ ਉਸ ਪਿਛੋਂ ਉਸ ਦੀ ਬੇਗਮ "ਮੁਗਲਾਣੀ ਬੇਗਮ" ਦੀ ਨੌਕਰੀ ਵਿਚ ਵੀ ਰਿਹਾ ਸੀ, ਨੇ ਇਹ ਸਾਰੇ ਹਾਲਾਤ ਆਪਣੀ ਮਸ਼ਹੂਰ ਪੁਸਤਕ "ਤਹਿਮਾਸ ਨਾਮਾ" ਵਿਚ ਬੜੇ ਵਿਸਥਾਰ ਨਾਲ ਦਿਤੇ ਹਨ, ਜੋ ਬੜੇ ਹੀ ਦਿਲਚਸਪ ਹਨ। ਉਹ ਕਹਿੰਦਾ ਹੈ ਕਿ ਜਿਥੇ ਸਾਰਾ ਭਾਰਤ ਅਹਿਮਦ ਸ਼ਾਹ ਦੇ ਡਰ ਨਾਲ ਥਰ ਥਰ ਪਿਆ ਕੰਬਦਾ ਸੀ, ਸਿਖ ਉਹਨੂੰ ਟਿਚ ਹੀ ਸਮਝਦੇ ਸਨ। ਉਸ ਨੇ ਬਥੇਰਾ ਜ਼ੋਰ ਲਾਇਆ। ਪਰ ਜਦ ਵੇਖਿਆ ਕਿ ਇਹ ਡਰ ਨਾਲ ਵੱਸ ਹੋਣ ਵਾਲੇ ਨਹੀਂ, ਤਾਂ ਇਹਨਾਂ ਨੂੰ ਲਾਲਚ ਦੇ ਕੇ ਗੰਢਣਾ ਚਾਹਿਆ। ਸਿਵਾਏ ਸ: ਆਲਾ ਸਿੰਘ ਤੋਂ ਹੋਰ ਕਿਸੇ ਨੂੰ ਉਹ ਤੋੜ ਨਾ ਸਕਿਆ। ਉਸ ਦੇ ਸਾਰਿਆਂ ਗਵਰਨਰਾਂ ਦਾ ਉਨ੍ਹਾਂ ਨੱਕ ਵਿਚ ਦੱਮ ਲਿਆਂਦਾ ਹੋਇਆ ਸੀ। ਉਹ ਵੀ ਉਸ ਵੇਲੇ, ਜਦ ਕਿ ਅਹਿਮਦ ਸ਼ਾਹ ਅਬਦਾਲੀ ਹਿੰਦੁਸਤਾਨ ਵਿਚ ਹੀ ਸੀ ਤੇ ਉਹ ਅਲੀ ਗੜ੍ਹ, ਅਨੂਪ ਸ਼ਹਿਰ ਤੇ ਪਾਨੀਪਤ ਦੇ ਦਵਾਲੇ ਹੀ ਫਿਰਦਾ ਸੀ।

ਅਹਿਮਦ ਸ਼ਾਹ ਨੇ ਕਰੀਮ ਦਾਦ ਖ਼ਾਨ, ਜ਼ੈਦ ਖਾਨ ਰਾਜਾ ਘੁਮੰਡ ਚੰਦ ਕਟੋਚ ਅਬਦਸ ਸਮੱਦਖ਼ਾਨ, ਸਰ ਬਲੰਦ ਖਾਨ ਤੇ ਰੁਸਤਮ ਖਾਨ ਨੂੰ ਵਖ ਵਖ ਸੂਬਿਆਂ ਦਾ ਗਵਰਨਰ ਥਾਪਿਆ, ਪਰ ਇਹ ਸਾਰੇ ਬੁਰੀ ਤਰ੍ਹਾਂ ਨਾਕਾਮਯਾਬ ਹੋਏ। ਸਿਖਾਂ ਨੇ ਸਾਰੇ ਬੰਦੋਬਸਤ ਨੂੰ ਤਹਿਸ-ਨਹਿਸ (ਮਲੀਆਮੇਟ) ਕਰ ਕੇ ਰਖ ਦਿਤਾ।

ਸਭ ਤੋਂ ਪਹਿਲਾਂ ਉਹ (ਸਿਖ) ਰੁਸਤਮ ਖ਼ਾਨ ਤੇ ਉਸ ਦੇ ਨਾਇਬ ਤਹਿਮਾਸ ਖਾਨ ਮਸਕੀਨ, ਜਿਨ੍ਹਾਂ ਦੇ ਜ਼ਿਮੇ ਚਹਾਰ ਮਹਿਲ (ਗੁਜਰਾਤ, ਪਸਰੂਰ, ਔਰੰਗਾ-ਬਾਦ ਤੇ ਸਿਆਲਕੋਟ ਆਦਿ) ਸੀ, ਨੂੰ ਪਏ। ਤਹਿਮਾਸ ਖਾਨ ਨੇ ਆਪਣੇ ਤਹਿਮਾਸ-ਨਾਮੇ ਵਿਚ ਇਸ ਵਾਕੇ ਦਾ ਬੜਾ ਸੁਹਣਾ ਖ਼ਾਕਾ, ਬੜੇ ਵਿਸਥਾਰ ਨਾਲ ਖਿਚਿਆ ਹੈ। ਉਹ ਕਹਿੰਦਾ ਹੈ ਕਿ ਰੁਸਤਮ ਖ਼ਾਨ ਨੂੰ ਇਤਲਾਹ ਮਿਲੀ ਕਿ ੫੦ ਕੁ ਸਿਖਾਂ ਨੇ ਸਿਆਲਕੋਟੋਂ ੨੦ ਕੁ ਕਿਲੋਮੀਟਰ ਦੀ ਵਿਥ ਤੇ ਇਕ ਪਿੰਡ ਉਤੇ ਹਮਲਾ ਕਰ ਦਿਤਾ ਹੈ। ਰੁਸਤਮ ਖਾਨ ਤੇ ਤਹਿਮਾਸ ਖਾਨ ੧੫੦ ਘੋੜ-ਸਵਾਰ ਤੇ ਪਿਆਦਾ ਲੈ ਕੇ ਪਿੰਡ ਨੂੰ ਬਚਾਉਣ ਲਈ ਤੁਰੰਤ ਧਾ ਕੇ ਗਏ। ਸਿਖਾਂ ਨੇ ਜਦ ਇਨ੍ਹਾਂ ਨੂੰ ਪਿੰਡ ਵਲ ਆਉਂਦਿਆਂ ਤਕਿਆ ਤਾਂ ਪਿੰਡ ਵਲੋਂ ਹਟ ਕੇ ਇਕ-ਦਮ ਇਨ੍ਹਾਂ ਤੇ ਟੁੱਟ ਕੇ ਆਣ ਪਏ। ਰੁਸਤਮ ਖਾਨ ਤੇ ਮਸਕੀਨ ਅਤੇ ੧੫੦ ਦੂਜੇ ਦੁਮ ਦਬਾ ਕੇ ਭਜੇ ਤੇ ਲਾਗੇ ਇਕ ਕਿਲ੍ਹੇ ਵਿਚ ਜਾ ਵੜੇ ਤੇ ਦਰਵਾਜ਼ੇ ਬੰਦ ਕਰ ਲਏ। ਸਿਖਾਂ ਨੇ ਓਸੇ ਵੇਲੇ ਉਸ ਨੂੰ ਚੰਗੀ ਤਰ੍ਹਾਂ ਘੇਰ ਲਿਆ। ਸਿਖ ਸਾਰੀ ਰਾਤ ਘੇਰਾ ਘਤੀ ਬੈਠੇ ਰਹੇ। ਅਗਲਾ ਦਿਨ ਚੜ੍ਹਿਆ ਤਾਂ ਉਹਨਾਂ ਉਚੀ ਆਵਾਜ਼ ਨਾਲ ਲਲਕਾਰਿਆ, "ਚਹਾਰ ਮਹਿਲ ਦੇ ਗਵਰਨਰ ਰੁਸਤਮ ਖਾਨ ਨੂੰ ਸਾਡੇ ਹਵਾਲੇ ਕਰ ਦਿਓ, ਜੇ ਖੈਰ ਚਾਹੁੰਦੇ ਹੋ ਤਾਂ!" ਸਿਪਾਹੀਆਂ ਨੇ ਆਪਣਾ ਸਾਰਾ ਦਾਰੂ ਸਿੱਕਾ ਮੁਕਾ ਲਿਆ ਸੀ ਤੇ ਲਗੇ ਸਿਖਾਂ ਨੂੰ ਕਿਲ੍ਹੇ ਦੀਆਂ ਕੰਧਾਂ ਤੋਂ ਇਟ ਪੱਥਰ, ਵਡੇ ਵਡੇ ਡਲੇ, ਮਿਟੀ ਦੇ ਭਜੇ ਭਾਂਡੇ ਤੇ ਲਕੜਾਂ ਦੀਆਂ ਖਲਪਾੜਾਂ ਵਗਾਹ ਵਗਾਹ ਮਾਰਨ।

ਜਦ ਇਹ ਮਸਾਲਾ ਵੀ ਮੁਕ ਗਿਆ ਤਾਂ ਸਿਖ ਕੰਧਾਂ ਤੇ ਆਣ ਚੜ੍ਹੇ ਤੇ ਟੱਪ ਕੇ ਕਿਲ੍ਹੇ ਵਿਚ ਆਣ ਵੜੇ। ੧੫੦ ਆਦਮੀਆਂ ਵਿਚੋਂ ਗਵਰਨਰ ਨਾਲ ਸਿਰਫ ੬ ਆਦਮੀ ਰਹਿਣ ਦਿਤੇ, ਬਾਕੀ ਸਭ ਕਤਲ ਕਰ ਦਿਤੇ। ਰੁਸਤਮ ਖਾਨ, ਮਸਕੀਨ ਤੇ ਇਹ ੬ ਆਦਮੀ ਸਿਖਾਂ ਨੇ ਬੰਨ੍ਹ ਲਏ। ਇਹਨਾਂ



www.AKJ.Org

ਵਿਚੋਂ ਇਕ ਅੱਲ੍ਹਾ ਵਰਦੀ ਬੇਗ ਸੀ, ਉਹਨੂੰ ਵੀ ਉਹਨਾਂ ਕਤਲ ਕਰ ਦਿਤਾ। ਸਾਰਾ ਦਿਨ ਤੇ ਅਗਲੀ ਸਾਰੀ ਰਾਤ ਉਹਨਾਂ ਨੂੰ ਬੰਨ੍ਹ ਛਡਿਆ। ਉਹਨਾਂ ਨੂੰ ਪੈਦਲ ਅਗੇ ਅਗੇ ਨਠਾਇਆ। ਮਸਕੀਨ ਕਹਿੰਦਾ ਹੈ ਕਿ "ਮੈਂ ਅਗੇ ਅਗੇ ੨੦ ਕਿਲੋ ਮੀਟਰ ਨਠਾ ਹੋਵਾਂਗਾ ਤੇ ਮੇਰੇ ਪੈਰ ਛਾਲਿਆਂ ਨਾਲ ਭਰ ਗਏ ਤੇ ਮੈਂ ਥਕ ਕੇ ਚੂਰ ਹੋ ਗਿਆ।..." ਮਸਕੀਨ ੧੦ ਦਿਨ ਕੈਦ ਰਿਹਾ ਤੇ ੨੦੦ ਰੁਪਏ ਦੇ ਕੇ ਛੁਡਾਇਆ ਗਿਆ। ਰੁਸਤਮ ਖਾਨ ਦੀ ਬੁਰੀ ਹਾਲਤ ਕੀਤੀ। ਅੰਤ ਵਿਚ ਉਹ ਵੀ ੨੨੦੦ ਰੁਪਏ ਤਾਰ ਕੇ ਛੁਡਾਇਆ ਗਿਆ।*

ਅਹਿਮਦਸ਼ਾਹ ਦੇ ਗਵਰਨਰਾ ਦੀ ਇਹ ਦੁਰਦਸ਼ਾ ਸਿੰਘ ਓਦੋਂ ਕਰ ਰਹੇ ਸਨ ਜਦ ਓਹ ਹਿੰਦੁਸਤਾਨ ਵਿਚ ਡੇਰੇ ਲਾਈ ਬੈਠਾ ਸੀ। ਸੂਝਵਾਨ ਪਾਠਕ ਜੀ, ਤੁਸੀਂ ਭਲੀ ਪ੍ਰਕਾਰ ਅੰਦਾਜ਼ਾ ਲਾ ਸਕਦੇ ਹੋ ਕਿ ਖਾਲਸਾ ਜੀ ਅਬਦਾਲੀ ਨੂੰ ਕੀ ਸਮਝਦਾ ਹੋਵੇਗਾ।

੧੭੬੦ ਦੀ ਦਿਵਾਲੀ ਤੇ ਖ਼ਾਲਸਾ ਜੀ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ, ਗੁਰਮਤਾ ਹੋਇਆ ਕਿ ਲਾਹੌਰ ਦਾ ਕੰਡਾ ਕੱਢ ਦਿਤਾ ਜਾਏ, ਸਿਖ ਸੂਰਬੀਰ ਯੋਧੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹੱਈਆ, ਹਰੀ ਸਿੰਘ ਭੰਗੀ, ਗੁਜਰ ਸਿੰਘ ਅਤੇ ਲਹਿਣਾ ਸਿੰਘ ਆਦਿ, ਨਵੰਬਰ ੧੭੬੦ ਵਿਚ ਬਿਜਲੀ ਵਾਂਗ ਕੜਕੇ, ਲਾਹੌਰ ਤੇ ਜਾ ਪਏ ਅਤੇ ੧੧ ਦਿਨ ਤੱਕ ਲਾਹੌਰ ਦੀ ਸੁਧਾਈ ਤੇ ਉਗਰਾਹੀ ਹੁੰਦੀ ਰਹੀ। ਅਮੀਰ ਮੁਹੰਮਦ ਖ਼ਾਂ ਨੇ ਬੜੀ ਨਿਮਰਤਾ ਨਾਲ ਗੱਲ ਵਿਚ ਪਲਾ ਪਾ ਕੇ ਤੀਹ ਹਜ਼ਾਰ ਖ਼ਾਲਸਾ ਜੀ ਅਗੇ ਕੜਾਹ ਪ੍ਰਸ਼ਾਦ ਲਈ ਭੇਟ ਕੀਤਾ ਅਤੇ ਸ਼ਹਿਰ ਕਤਲੇਆਮ ਤੋਂ ਬਚਾ ਲਿਆ।† ਇਹ ਸਭ ਕੁਝ ਉਸ ਨੇ ਸ਼ਹਿਰ ਦੇ ਮੁਖੀਆਂ ਰਈਸਾ ਅਤੇ ਮੁਫ਼ਤੀ ਮੁਲਾਣਿਆਂ ਦੀ ਸਲਾਹ ਨਾਲ ਕੀਤਾ ਸੀ। ਜਾਨ ਬੜੀ ਪਿਆਰੀ ਹੁੰਦੀ ਹੈ। ਜਦ ਖ਼ਾਲਸਈ ਤਲਵਾਰ ਦੀ ਚਮਕ ਵੇਖੀ ਤਾਂ ਫ਼ੌਰਨ ਜਾਨ ਬਚਾਉਣ ਲਈ ਕੜਾਹ ਪ੍ਰਸ਼ਾਦ ਦੀ ਦੇਗ ਲਈ ਜਾ ਨਜ਼ਰਾਨਾ ਭੇਟ ਕੀਤਾ। ਪਰ ਜਦ ਉਤਲੇ ਹਾਕਮਾਂ ਨੇ ਅੱਖਾਂ ਵਿਖਾਈਆਂ ਤਾਂ ਪੇਸ਼ ਆਈ ਵਿਚਾਰੇ ਮੀਰ ਮੁਹੰਮਦ ਖ਼ਾਂ ਦੇ। ਜਾਨ ਸਾਰਿਆਂ ਦੀ ਬਚੀ, ਪਰ ਭੁਗਤਿਆ ਮੀਰ ਮੁਹੰਮਦ ਖਾਂ ਨੇ।

ਸਰ ਬਲੰਦ ਖ਼ਾਂ ਨੇ ਆਪਣਾ ਰੋਹਬ ਕਾਇਮ ਰਖਣ ਲਈ ਮੀਰ ਮੁਹੰਮਦ ਖ਼ਾਂ ਨੂੰ ਇਸ ਚੜ੍ਹਾਵੇ ਦੀ ਅਦਾਇਗੀ ਵਜੋਂ ਕੈਦ ਕਰ ਲਿਆ। ਤੇ ਲਾਹੌਰ ਦਾ ਪ੍ਰਬੰਧ ਕਰੀਮ ਦਾਦ ਖ਼ਾਨ ਦੇ ਭਤੀਜੇ ਯਕੂਬ ਖ਼ਾਨ ਦੇ ਹਵਾਲੇ ਕਰ ਦਿਤਾ। ਇਸ ਦੀ ਸਹਾਇਤਾ ਲਈ ਅਜਮਦ ਖ਼ਾਨ ਦੁਰਾਨੀ ਅਤੇ ਗੁਲ ਮੁਹੰਮਦ ਖਾਂ ਨੀਯਤ ਕੀਤੇ ਗਏ। ਤੀਹ ਹਜ਼ਾਰ ਦੀ ਰਕਮ ਦੀ ਗੱਲ ਇਸ ਤੋਂ ਵੀ ਅਗੇ ਚਲੀ। ਇਹ ਰਕਮ ਚਹਾਰ ਮਹਿਲ, ਪਸਰੂਰ, ਗੁਜਰਾਤ, ਔਰੰਗਾਬਾਦ, ਸਿਆਲ ਕੋਟ ਵਗੈਰਾ ਇਲਾਕਿਆਂ ਦੀ ਬਾਜ-ਗੁਜ਼ਾਰੀ ਵਿਚੋਂ ਦਿਤੀ ਗਈ ਸੀ। ਯਕੂਬ ਖਾਂ ਤੇ ਅਜਮਤ ਖਾਂ ਨੇ ਇਸ ਦੀ ਰਿਪੋਰਟ ਅਹਿਮਦ ਸ਼ਾਹ ਅਬਦਾਲੀ ਨੂੰ ਕਰ ਦਿਤੀ। ਸੰਭਵ ਹੈ ਕਿ ਉਹ ਆਪਣੇ ਆਪ ਨੂੰ ਇਸ ਦੀ ਜ਼ਿਮੇਵਾਰੀ ਤੋਂ ਸੁਰੱਖਿਅਤ ਰਖਣਾ ਚਾਹੁੰਦੇ ਹੋਣ ਕਿ ਮਤੇ ਅਹਿਮਦ ਸ਼ਾਹ ਆ ਕੇ ਕੋਈ ਕਰੜਾ ਦੰਡ ਦੇਵੇ। ਸ਼ਾਹ ਨੇ ਉਸੇ ਵੇਲੇ ਜ਼ਬਾਨੀ ਹੁਕਮ ਦਿਤਾ ਕਿ ਇਹ ਰਕਮ ਹੇਠ ਲਿਖੇ ਲਾਹੌਰ ਦੇ ਸ਼ਹਿਰ-ਵਾਸੀਆਂ ਤੋਂ ਪੂਰੀ ਕੀਤੀ ਜਾਵੇ:—ਗੁਲਾਮ ਹੁਸੈਨ ਪੀਰਜ਼ਾਦਾ ਸਰਹੰਦੀ, ਮੀਆਂ ਨਕੀ ਮੁਹੰਮਦ, ਮੀਰ ਨਥੂ ਸ਼ਾਹ, ਮੀਰ ਸ਼ਹਿਰ ਯਾਰ, ਹਾਫ਼ਜ਼ ਕਾਦਰ ਬਖਸ਼ ਵਗੈਰਾ, ਜਿਨ੍ਹਾਂ ਰਾਹੀਂ ਇਹ ਰਕਮ ਖਾਲਸਾ ਜੀ ਨੂੰ ਭੇਟ ਕੀਤੀ ਗਈ ਸੀ। ਪਰ ਸ਼ਹਿਰ-ਵਾਸੀਆਂ ਨੇ ਯਕੂਬ ਖਾਂ ਨੂੰ ਬੇਨਤੀ ਕੀਤੀ ਕਿ ਸ਼ਾਹ ਦੇ ਆਉਣ ਤੇ ਉਹ

[ਬਾਕੀ ਦੇਖੋ ਸਫ਼ਾ ੩੪

*ਤਹਿਮਾਸਨਾਮਾ—ਤਹਿਮਾਸ ਖ਼ਾਨ ਮਸਕੀਨ।

†ਅਲੀਉੱਦਦੀਨ 120 ਅ–121 ਬ, ਸੋਹਨ ਲਾਲ I, 150, ਸ਼ਮਸ਼ੇਰ ਖ਼ਾਲਸਾ 104-15 ਤਕ, ਕਨ੍ਹਈਆ ਲਾਲ—ਤਵਾਰੀਖ਼ੇ ਪੰਜਾਬ 83.



www.AKJ.Org

# ਸ੍ਰੀ ਕਲਗੀਧਰ ਜੀ ਤੇ ਉਨ੍ਹਾਂ ਦਾ ਉਦੇਸ਼–ਖ਼ਾਲਸਾ

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ]

ਖ਼ਾਲਸਾ ਪੰਥ ਉਤੇ ਖ਼ਾਸ ਕਰਕੇ, ਅਤੇ ਭਾਰਤੀ ਜਨਤਾ ਉਤੇ ਆਮ ਕਰਕੇ ਜੋ ਉਪਕਾਰ ਸ੍ਰੀ ਕਲਗੀਧਰ ਜੀ ਨੇ ਕੀਤੇ, ਉਨ੍ਹਾਂ ਦੀ ਦੇਣ ਤਿੰਨ ਕਾਲ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਨੇ ਕੇਵਲ ਕਿਹਾ ਹੀ ਨਹੀਂ, ਪਰਤੱਖ ਕਰ ਕੇ ਦਿਖਾ ਦਿੱਤਾ ਕਿ—

ਮੋ ਗ੍ਰਿਹਿ ਮੈ ਤਨ ਤੇ ਮਨ ਤੇ
ਸਿਰ ਲਉ ਧਨ ਹੈ ਸਭ ਹੀ ਇਨ ਕੋ।

'ਇਨਹੀ ਕੋ' ਦਾ ਭਾਵ 'ਆਪਣੇ ਸਿੱਖਾਂ ਦਾ', 'ਖ਼ਾਲਸੇ ਦਾ' ਹੈ। ਅਤੇ ਫੇਰ ਸਰਬੰਸ ਵਾਰ ਕੇ ਸਾਡੇ ਤ ਕਦੇ ਨਾ ਉਤਰਨ ਵਾਲੇ ਅਹਿਸਾਨ ਕਰਨ ਵਾਲਾ ਸਤਿਗੁਰੂ, ਆਪਣੇ ਉਤੇ ਖ਼ਾਲਸੇ ਦੇ ਅਹਿਸਾਨ ਲੈਂਦਾ ਹੈ:

ਜੁੱਧ ਜਿਤੇ ਇਨਹੀ ਕੇ ਪ੍ਰਸਾਦਿ,
ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।
ਅਘ ਓਘ ਟਰੇ ਇਨਹੀ ਕੇ ਪ੍ਰਸਾਦਿ,
ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।
ਇਨਹੀ ਕੇ ਪ੍ਰਸਾਦਿ ਸੁਵਿਦਯਾ ਲਈ,
ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ।
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ,
ਨਹਿ ਮੋ ਸੇ ਗਰੀਬ ਕਰੋਰ ਪਰੇ।*

ਜ਼ਰਾ ਖ਼ਿਆਲ ਕਰੋ! ਰਚਣ ਵਾਲਾ ਰਚਿਆਂ ਹੋਇਆਂ ਬਾਰੇ ਕਹਿੰਦਾ ਹੈ: ਇਨ੍ਹਾਂ ਦੀ ਕਿਰਪਾ ਨਾਲ ਮੇਰੇ ਪਾਪ ਕੱਟੇ ਗਏ ਹਨ, ਇਨ੍ਹਾਂ ਦੀ ਕਿਰਪਾ ਨਾਲ ਮੈਂ ਦਾਨ ਕੀਤੇ ਹਨ, ਇਨ੍ਹਾਂ ਦੀ ਕਿਰਪਾ ਨਾਲ ਮੈਂ ਸੁਵਿਦਿਆ ਪ੍ਰਾਪਤ ਕੀਤੀ ਹੈ, ਇਨ੍ਹਾਂ ਦੀ ਕਿਰਪਾ ਨਾਲ ਦੁਸ਼ਮਨ ਖੱਪੇ ਤੇ ਜਿੱਤਾਂ ਪ੍ਰਾਪਤ ਹੋਈਆਂ ਹਨ ਅਤੇ (ਅੰਤ ਵਿਚ ਹੱਦ ਹੀ ਕਰ ਦਿੱਤੀ!) ਇਨ੍ਹਾਂ ਦੀ ਕਿਰਪਾ ਨਾਲ ਅਸੀਂ (ਖ਼ਾਲਸਾ) ਸਜੇ ਹਾਂ, ਜੇ ਇਨ੍ਹਾਂ ਦੀ ਕਿਰਪਾ ਨਾ ਹੁੰਦੀ ਤਾਂ ਮੈਂ ਵੀ ਕਰੋੜਾਂ ਆਮ ਆਦਮੀਆਂ ਵਰਗਾ ਹੁੰਦਾ। ਅੱਥਰੂ ਨਹੀਂ ਵਗ ਤੁਰਦੇ ਆਪਣੇ ਗੁਰੂ ਦੇ ਮੂੰਹੋਂ ਇਹ ਸੁਣ ਕੇ? ਕਿਉਂ ਨਾ ਕਵੀ ਗੁਰਦਾਸ ਕੂਕ ਉਠਦਾ:

ਵਾਹੁ ਵਾਹੁ! ਗੋਬਿੰਦ ਸਿੰਘ ਆਪੇ ਗੁਰ ਚੇਲਾ।

ਅਫ਼ਸੋਸ ਹੈ ਕਿ ਅਸੀਂ ਨਾਂ ਤੇ ਰੂਪ-ਮਾਤਰ ਦੇ ਖ਼ਾਲਸੇ ਰਹਿ ਗਏ ਹਾਂ! ਉਹ ਰਹਿਤਾਂ ਤੇ ਆਦਰਸ਼, ਜੋ ਉਨ੍ਹਾਂ ਸਾਨੂੰ ਸੰਭਾਲੇ ਸਨ, ਸਾਡੇ ਲੜੋਂ ਖੁਲ੍ਹ ਗਏ ਹਨ। ਇਹੋ ਕਾਰਨ ਹੈ ਕਿ ਅਸੀਂ ਰੁਲ ਰਹੇ ਹਾਂ।

ਅੱਜ ਤੋਂ ਤਿੰਨ ਸੌ ਸਾਲ ਪਹਿਲਾਂ ਜਦ ਸਤਿਗੁਰੂ ਜੀ ਦਾ ਪਟਨੇ ਵਿਚ ਜਨਮ ਹੋਇਆ, ਉਸ ਵੇਲੇ ਭਾਰਤ-ਵਾਸੀਆਂ ਦੀ, ਵਿਸ਼ੇਸ਼ ਕਰਕੇ ਹਿੰਦੂਆਂ ਦੀ ਤਰਸ ਯੋਗ ਹਾਲਤ ਸੀ। ਭਾਰਤ ਉਸ ਸਮੇਂ ਤਕ ਬਦੇਸ਼ੀ ਮੁਸਲਮਾਨਾਂ ਦਾ ਲਗ ਪਗ ਸਾਢੇ ਛੇ ਸੌ ਸਾਲ ਗ਼ੁਲਾਮ ਰਹਿ ਚੁੱਕਾ ਸੀ। ਸਾਢੇ ਚਾਰ ਸੌ ਸਾਲ ਪਠਾਣਾਂ ਦਾ ਗ਼ੁਲਾਮ ਰਹਿਣ ਮਗਰੋਂ ਜੋ ਭਾਰਤ ਦੀ ਭੈੜੀ ਹਾਲਤ ਸੀ ਉਸ ਦਾ ਚਿੱਤਰਨ ਆਦਿ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਉਂ ਕੀਤਾ ਹੈ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ
ਉਡਰਿਆ ॥ ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥ ਹਉ ਭਾਲਿ
ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ
ਕਿਨਿ ਬਿਧਿ ਗਤਿ ਹੋਈ ॥

[ਮਾਝ ਕੀ ਵਾਰ, ਸਲੋਕ ਮ: ੧

ਤੇ ਇਹ 'ਕਾਸਾਈ ਰਾਜੇ' ਵਧੇਰੇ ਮੁਸਲਮਾਨ ਸਨ। ਪਰ ਪਰਜਾ, ਭਾਵੇਂ ਉਹ ਹਿੰਦੂ ਸੀ ਤੇ ਭਾਵੇਂ ਮੁਸਲਮਾਨ—ਬਹੁਤੇ ਹਿੰਦੂਓਂ ਬਣੇ ਹੋਏ ਮੁਸਲਮਾਨ—ਉਹ ਧਰਮ-ਈਮਾਨ ਤੇ ਇਖ਼ਲਾਕ ਤੋਂ ਬੁਰੀ ਤਰ੍ਹਾਂ ਖੁਚਲੀ ਹੋਈ ਸੀ। ਲੰਮੀ ਗ਼ੁਲਾਮੀ ਨੇ ਹਿੰਦੂਆਂ ਵਿਚ ਕਾਇਰਤਾ ਤੇ ਪਖੰਡ ਕੁੱਟ ਕੁੱਟ ਕੇ ਭਰ ਦਿੱਤੇ ਸਨ। ਉਹ 'ਮਨਿ ਹੋਰੁ ਮੁਖਿ ਹੋਰ' ਹੋ ਗਏ ਸਨ। ਜ਼ੁਲਮ ਤੇ ਵਿਖਾਵਾ ਮੁਸਲਮਾਨ ਹਾਕਮ-ਸ਼੍ਰੇਣੀ ਦੇ ਲੱਛਣ ਬਣ ਚੁਕੇ ਸਨ। 'ਸੱਚ' ਤੋਂ ਦੋਵੇਂ ਭਟਕੇ ਹੋਏ ਸਨ।

ਮੁਗ਼ਲ-ਰਾਜ ਦੀ ਨੀਂਹ ਵੀ ਬਾਬਰ ਨੇ ਜ਼ੋਰ-ਜ਼ੁਲਮ ਤੇ ਰੱਖੀ ਸੀ। 'ਬਾਬੇ ਕਿਆਂ' ਤੇ 'ਬਾਬਰ

*ਗਿਆਨ ਪ੍ਰਬੋਧ, ਪਾ: ੧੦।



www.AKJ.Org

ਕਿਆਂ ਦੀ ਟੱਕਰ ਅੱਗੇ ਚੱਲ ਕੇ ਅਵੱਸ਼ ਹੋਣੀ ਸੀ, ਕਿਉਂਕਿ ਦੋਹਾਂ ਦੇ ਆਦਰਸ਼ ਆਦਿ ਗੁਰੂ ਜੀ ਦੇ ਵੇਲੇ ਤੋਂ ਹੀ ਵੱਖਰੇ ਵੱਖਰੇ ਸਨ। ਬਾਬਰ ਵਿਚ ਉਹ ਸਾਰੇ ਔਗੁਣ ਬੀਜ-ਰੂਪ ਵਿਚ ਮੌਜੂਦ ਸਨ ਜਿਨ੍ਹਾਂ ਨੇ ਉਸ ਦੀ ਸੰਤਾਨ ਵਿਚ ਵਧਣਾ-ਫੁਲਣਾ ਸੀ। ਸਤਿਗੁਰਾਂ ਨੇ ਬਾਬਰ ਤੇ ਬਾਬਰ ਦੇ ਹਮਲੇ ਬਾਰੇ ਆਪਣੀ ਰਾਏ ਲੁਕਾ ਕੇ ਨਹੀਂ ਸੀ ਰੱਖੀ, ਸਗੋਂ ਉਸੇ ਵੇਲੇ ਪਰਗਟ ਕਰ ਦਿੱਤੀ ਸੀ, ਕਿਉਂਕਿ ਉਨ੍ਹਾਂ ਦੇ ਵਿਚਾਰ ਅਨੁਸਾਰ ਸੱਚੀ ਗੱਲ ਭਾਵੇਂ ਕੌੜੀ ਹੀ ਹੋਵੇ, ਵੇਲੇ ਸਿਰ ਕਹਿਣੀ ਚਾਹੀਦੀ ਹੈ।

ਮੁਗਲਾਂ ਦੇ ਰਾਜ ਤੇ ਜ਼ੋਰ ਦੇ ਵਧਣ ਨਾਲ ਸਤਿਗੁਰੂ ਨਾਨਕ ਦੇਵ ਜੀ ਦੀ ਬਿਆਨੀ ਸਮਾਜਕ ਦਸ਼ਾ ਵਧੇਰੇ ਵਿਗੜੀ। ਹਾਂ, ਸਤਿਗੁਰਾਂ ਦੇ ਸਤਿ-ਸੰਗ ਵਿਚ ਬਾਬੇ ਦੇ ਆਦਰਸ਼ਾਂ ਦੇ ਕਾਇਮ ਹੋਣ ਕਰਕੇ ਇਕ ਕੇਂਦ੍ਰਕ ਬਣਿਆ, ਜਿਸ ਦੇ ਦਵਾਲੇ ਖ਼ਾਲਸਾ ਸਮਾਜ ਨੇ ਜੁੜਨਾ ਸੀ ਤੇ ਕੂੜ ਦੇ ਆਦਰਸ਼ਾਂ ਨਾਲ ਟੱਕਰ ਲੈਣੀ ਸੀ। ਪਰ ਇਸ ਟੱਕਰ ਲਈ ਹਿੰਦੂ ਜਨਤਾ ਉੱਕੀ ਤਿਆਰ ਨਹੀਂ ਸੀ। ਉਹ ਇਸ ਤਰ੍ਹਾਂ ਲਿਤਾੜ ਕੇ ਰੱਖ ਦਿੱਤੀ ਗਈ ਸੀ ਕਿ ਉੱਠ ਹੀ ਨਹੀਂ ਸੀ ਸਕਦੀ। ਲੋਭ ਤੇ ਕਾਇਰਤਾ ਇਸ ਕਮਜ਼ੋਰੀ ਦੀ ਜੜ੍ਹ ਸਨ।

ਇਹ ਕਹਿਣਾ ਕਿ ਸਿੱਖੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਵਿਚ ਹੋਰ ਦੀ ਹੋਰ ਹੋ ਗਈ, ਆਪਣੀ ਨਾ-ਜਾਣਕਾਰੀ ਦਾ ਸਬੂਤ ਦੇਣਾ ਹੈ। ਕੀ ਸਤਿਗੁਰੂ ਨਾਨਕ ਦੇਵ ਜੀ ਨੇ 'ਸੱਚ' ਤੇ 'ਸੱਚ-ਆਚਾਰ' ਦੇ ਪ੍ਰੇਮੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੋਂ ਨਹੀਂ ਸੀ ਵੰਗਾਰਿਆ? ਕੀ ਕਲਗੀਧਰ ਜੀ ਦੀ ਵੰਗਾਰ ਕੋਈ ਨਵੀਂ ਤੇ ਵੱਖਰੀ ਵੰਗਾਰ ਸੀ? ਸਤਿਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਦਿਲ ਤਕੜਾ ਹੋਵੇ ਤਾਂ ਕਮਜ਼ੋਰ ਸਰੀਰ ਵੀ ਦੂਣਾ ਚੌਣਾ ਹੋ ਕੇ ਲੜ ਜਾਂਦਾ ਹੈ। ਭਾਰਤ-ਵਾਸੀਆਂ ਦੇ ਦਿਲ ਕਮਜ਼ੋਰ ਹੋ ਚੁਕੇ ਸਨ। ਪਹਿਲੇ ਗੁਰੂ ਸਾਹਿਬਾਂ ਦਾ ਕੰਮ ਦਿਲ ਤੇ ਆਤਮਾ ਨੂੰ ਤਕੜਿਆਂ ਕਰਨਾ ਸੀ, ਨਾ ਕਿ ਕਮਜ਼ੋਰ ਦਿਲ ਤੇ ਸਰੀਰ ਵਾਲਿਆਂ ਨੂੰ ਪਹਿਲੋਂ ਹੀ ਸ਼ਸਤਰ ਫੜਾ ਦੇਣੇ। ਇਹ ਸ਼ਸਤਰ ਤਾਂ ਦੁਸ਼ਮਣਾਂ ਲਈ ਵਧੇਰੇ ਲਾਭਦਾਇਕ ਹੁੰਦੇ! ਦਿਲ ਤਕੜਾ ਕਰਨਾ ਜ਼ਰੂਰੀ ਸੀ, ਪਰ ਸਰੀਰ ਨੂੰ ਤਕੜਾ ਕਰਨਾ ਕੋਈ ਘੱਟ ਜ਼ਰੂਰੀ ਨਹੀਂ ਸੀ। ਤਕੜੇ ਦਿਲ ਤੇ ਸਰੀਰ ਵਾਲਿਆਂ ਨੂੰ 'ਸਭ ਤੋਂ ਵੱਡਾ ਆਸਰਾ' ਤੇ ਇੱਕ ਸਜੀਵ, ਪੂਰੀ-ਹੋਣ-ਯੋਗ ਆਸ ਦੇਣੀ ਸੀ। ਇੱਕ ਨਵਾਂ ਸਮਾਜ ਜੱਥੇਬੰਦ ਕਰਨਾ ਸੀ, ਕਿਉਂਕਿ ਇਕੱਲਾ ਬਦਾ ਭਾਵੇਂ ਕਿੱਡਾ ਵੀ ਤਕੜਾ ਹੋਵੇ, ਬਹੁਤ ਕੁਝ ਨਹੀਂ ਕਰ ਸਕਦਾ। ਲੰਗਰ ਦੇ ਰੂਪ ਵਿਚ ਆਤਮਕ ਤੇ ਸਰੀਰਕ ਸਾਂਝ ਤੇ ਇੱਕ-ਦੂਜੇ ਦਾ ਪਿਆਰ-ਸਤਿਕਾਰ ਬਖ਼ਸ਼ਣਾ ਸੀ। ਇਸ ਨਵੇਂ ਸਮਾਜ, ਸਾਧ ਸੰਗਤ ਜਾਂ ਸਿੱਖ-ਸੰਗਤ ਦੇ ਇਕੱਤਰ ਹੋਣ ਲਈ ਕੇਂਦਰ ਤੇ ਉਪ-ਕੇਂਦਰ ਸਥਾਪਤ ਕਰਨੇ ਸਨ। ਸ਼ਬਦ-ਰੂਪ ਗੁਰ-ਉਪਦੇਸ਼ ਜਾਂ ਬਾਣੀ ਨੂੰ ਗ੍ਰੰਥ-ਰੂਪ ਵਿਚ ਸੰਪਾਦਤ ਤੇ ਸੰਕਲਤ ਕਰਨਾ ਸੀ। ਉਪਜੀਵਕਾ ਲਈ ਦਸਾਂ ਨਹੁੰਆਂ ਦੀ ਕਿਰਤ ਨੂੰ ਦ੍ਰਿੜ੍ਹਾ ਕੇ ਸਿੱਖ ਨੂੰ ਉੱਤਮ ਤੇ ਈਮਾਨ ਕਾਰੀਗਰ, ਕ੍ਰਿਸ਼ਕ ਜਾਂ ਵਾਪਾਰੀ ਬਣਨ ਲਈ ਪ੍ਰੇਰਨਾ ਸੀ। ਸਤਿਗੁਰੂ ਨਾਨਕ ਦੇਵ ਜੀ ਨੇ 'ਭਗਤੀ' ਵਿਹਲੜਾਂ ਦੀ ਕਾਰ ਨਹੀਂ ਸੀ ਬਣਾਈ। ਗੁਰਮਤਿ ਵਿਚ 'ਸਾਧ' ਸੰਸਾਰੀ ਗ੍ਰਹਸਥੀ ਜੀਵ ਸੀ, ਸਿੱਖ ਸੀ, ਜੋ ਕਿਰਤ ਕਰਦਾ ਤੇ ਵੰਡ ਕੇ ਛਕਦਾ ਸੀ, ਉਹ ਆਪਣੀ ਆਮਦਨ ਵਿੱਚੋਂ ਦਸਵੰਧ 'ਗੁਰੂ ਨਮਿੱਤ' ਦਿੰਦਾ ਸੀ, ਜਿਸ ਨਾਲ ਗੁਰੂ ਕਾ ਲੰਗਰ ਚੱਲਦਾ ਸੀ ਤੇ ਸੱਚ-ਧਰਮ ਦਾ ਪਰਚਾਰ ਹੁੰਦਾ ਸੀ।

ਇਹ ਸਭ ਕੁਝ ਕਰਨ ਲਈ ਲੰਮੇ ਸਮੇਂ ਦੀ ਲੋੜ ਸੀ। ਮਿੱਟੀ ਦੇ ਭਾਂਡੇ ਸਾਜਣ ਲਈ ਵੀ ਮਿੱਟੀ ਪਰਖੀ ਜਾਂਦੀ ਹੈ, ਪੁੱਟੀ ਜਾਂਦੀ ਹੈ, ਘਾਣੀ ਕੀਤੀ ਜਾਂਦੀ ਹੈ, ਮਲੀ ਜਾਂਦੀ ਹੈ, ਕਮਾਈ ਜਾਂਦੀ ਹੈ, ਪੇੜੇ ਥੱਪੇ ਜਾਂਦੇ ਹਨ, ਚੱਕ ਤੇ ਚੜ੍ਹਾ ਕੇ ਭਵਾਈ ਜਾਂਦੀ ਹੈ, ਕਲਾਕਾਰੀ ਨਾਲ ਉਸ ਨੂੰ ਇਛਿਤ ਰੂਪ ਦਿੱਤਾ ਜਾਂਦਾ ਹੈ, ਬਣੇ ਬਰਤਨ ਨੂੰ ਸੁਕਾਇਆ ਜਾਂਦਾ ਹੈ, ਤੇ ਫੇਰ ਬਣਿਆਂ ਬਰਤਨਾਂ ਨੂੰ ਆਵੀ ਤੇ ਚੜ੍ਹਾ ਕੇ ਪਕਾਇਆ ਜਾਂਦਾ


www.AKJ.Org

ਹੈ। ਇਸ ਵਿਚ ਮਿੱਟੀ ਕਈ ਹੱਥ ਬਦਲਦੀ ਹੈ। ਮੁਰਦਾ ਕੌਮ ਨੂੰ ਜਿਵਾਲਣਾ, ਜੱਥੇਬੰਦ ਕਰਨਾ, ਸੱਚ ਲਈ ਟੱਕਰ ਲੈਣ ਲਈ ਤਿਆਰ ਕਰਨਾ ਅਤਿ ਦਰਜੇ ਦਾ ਮੁਸ਼ਕਲ ਕੰਮ ਸੀ। ਇੱਕ ਗੁਰ-ਵਿਅਕਤੀ ਦੇ ਜੀਵਨ-ਕਾਲ ਵਿਚ ਇਹ ਕੰਮ ਹੋਣਾ ਕਠਿਨ ਸੀ। ਦਸਾਂ ਗੁਰ-ਵਿਅਕਤੀਆਂ ਨੇ ਇੱਕੋ ਆਸ਼ੇ ਲਈ ਇੱਕੋ ਸੇਧ ਵਿਚ ਕੰਮ ਕੀਤਾ। ਹਾਂ, ਕੰਮ ਦੇ ਕਈ ਪੜਾ ਸਨ, ਅਤੇ ਵਿਚ ਵਿਚ ਕੀਤੇ ਕੰਮਾਂ ਦਾ ਪਰੀਛਣ ਵੀ ਹੁੰਦਾ ਰਹਿੰਦਾ ਸੀ।

ਮੁਸਲਮਾਨ ਬਾਦਸ਼ਾਹਾਂ ਤੇ ਸ਼ਹਿਨਸ਼ਾਹਾਂ ਦਾ ਰਾਜ-ਧਰਮ ਇਸਲਾਮ ਸੀ। ਉਹ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਲਾਲਚ, ਜਬਰ ਤੇ ਤਲਵਾਰ ਵੀ ਵਰਤ ਲੈਂਦੇ ਸਨ, ਪਰ ਧਰਮ-ਬਦਲੀ ਲਈ ਦੂਜਿਆਂ ਦਾ ਪਿਆਰ-ਪਰਚਾਰ ਵੀ ਨਹੀਂ ਸਨ ਸਹਾਰਦੇ। ਇਸਲਾਮ ਨੂੰ ਛੱਡ ਕੇ, ਪ੍ਰੇਰਨਾ ਤੇ ਸੱਚ ਦਾ ਰਾਹ ਦੱਸ ਕੇ ਆਪਣੇ ਧਰਮ ਵਿਚ ਲਿਆਉਣ ਵਾਲਾ ਪਹਿਲਾ ਭਾਰਤੀ ਧਰਮ ਸਿੱਖ-ਧਰਮ ਸੀ। ਹਿੰਦੂ ਤੇ ਮੁਸਲਮਾਨ ਇਸ ਵੱਲ ਆਕਰਸ਼ਿਤ ਹੋ ਰਹੇ ਸਨ। ਇਹੋ ਜਿਹੇ ਸਿੱਖ-ਸਮਾਜ ਤੇ ਧਰਮ ਨਾਲ ਹਾਕਮਾਂ ਦੀ ਟੱਕਰ ਹੋਣੀ ਲਾਜ਼ਮੀ ਸੀ ਅਤੇ ਇਸ ਗੱਲ ਨੂੰ ਗੁਰੂ ਨਾਨਕ ਦੇਵ ਜੀ ਭਲੀ-ਭਾਂਤ ਜਾਣਦੇ ਸਨ। ਤਾਂ ਹੀ ਤਾਂ ਉਨ੍ਹਾਂ ਸਿੱਖੀ-ਮਾਰਗ ਤੇ ਆਉਣ ਵਾਲਿਆਂ ਨੂੰ ਵੰਗਾਰਿਆ ਕਿ "ਸਿਰੁ ਧਰਿ ਤਲੀ ਗਲੀ ਮੇਰੀ ਆਉ।"

ਸਿੱਖੀ ਦੇ ਅੰਤਮ ਰੂਪ ਨੂੰ ਡੌਲ ਕੇ, ਉਸ ਤੇ ਅਕਾਲ ਦੀ ਮੁਹਰ-ਛਾਪ ਲਾ ਕੇ, ਖ਼ਾਲਸਾ ਬਣਾਉਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ ਸੀ। ਖ਼ਾਲਸੇ ਦਾ ਜਨਮ ਇਕ ਬੜੀ ਭਾਰੀ ਕ੍ਰਾਂਤੀ ਸੀ। ਇਹ ਝਟ-ਪਟੀ ਗੁਣਾਤਮਕ ਤਬਦੀਲੀ ਸੀ, ਇਨਕਲਾਬ ਸੀ। ਪਰ ਹਰ ਇਕ ਇਨਕਲਾਬ ਤੋਂ ਪਹਿਲਾਂ ਬਹੁਤ ਚਿਰ ਹੌਲੀ ਹੌਲੀ ਪਰਮਾਣਾਤਮਕ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ। ਹਰ ਇਨਕਲਾਬ ਤੋਂ ਪਹਿਲਾਂ ਕ੍ਰਮ-ਵਿਕਾਸ ਹੁੰਦਾ ਹੈ। ਇਸ ਤੋਂ ਪਹਿਲੋਂ ਕਿ ਪਾਣੀ ਝਟ ਪਟ ਆਪਣੇ ਗੁਣ ਅਤੇ ਰੂਪ ਬਦਲ ਕੇ ਸ਼ਕਤੀਵਰ ਭਾਫ਼ ਬਣੇ, ਪਾਣੀ ਨੂੰ ਲੰਮਾ ਸਮਾਂ ਤਾਪ ਦੇ ਕੇ ਤਾਪਮਾਨ ਦੀ ਮਾਤਰਾ ਜਾਂ ਪਰਮਾਣ ਨੂੰ ਵਧਾਇਆ ਜਾਂਦਾ ਹੈ। ਜਦ ਤਾਪਮਾਨ ਸੌ ਦਰਜੇ ਸੈਂਟੀਗ੍ਰੇਡ ਤੇ ਪਹੁੰਚਦਾ ਹੈ ਤਾਂ ਪਾਣੀ ਅਚਾਨਕ ਆਪਣੇ ਗੁਣ ਤੇ ਸ਼ਕਲ ਬਦਲਦਾ ਹੈ। ਮਾਰ ਖਾਂਦੇ ਭਾਰਤੀ ਸਮਾਜ ਵਿਚੋਂ, ਸਾਮਰਾਜ ਨਾਲ ਟੱਕਰ ਲੈਣ ਵਾਲੇ ਖ਼ਾਲਸੇ ਦਾ ਜਨਮ ਸੱਚਮੁਚ ਇਕ ਇਨਕਲਾਬ ਸੀ। ਪਰ ਇਸ ਨੂੰ ਇਨਕਲਾਬੀ ਟਿਕਾਣੇ (Nodal point) ਤੇ ਲਿਜਾਣ ਲਈ ਦਸਾਂ ਗੁਰ-ਵਿਅਕਤੀਆਂ ਨੇ ਇਕੋ ਸੇਧ ਵਿਚ ਲਗਾਤਾਰ ਕੰਮ ਕੀਤਾ ਸੀ।

ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਕ੍ਰਾਂਤੀ ਲਈ ਲੋੜੀਂਦੀ ਹੱਦ ਦਾ ਤਾਅ ਪੈਦਾ ਕਰ ਦਿੱਤਾ ਸੀ। ਇਹੋ ਜਹੇ ਤਾਅ ਨੂੰ ਸੰਭਾਲਣਾ ਇਕ ਹੱਦ ਦੀ ਮਹਾਨ ਵਿਅਕਤੀ ਦਾ ਕੰਮ ਹੁੰਦਾ ਹੈ। ਕਈ ਵਾਰੀ ਲਾਗੇ ਆਏ ਹੋਏ ਇਨਕਲਾਬ ਸੂਖਸ਼ਮ-ਦ੍ਰਿਸ਼ਟੀ ਤੇ ਦੂਰ-ਦਰਸ਼ੀ ਮਹਾਨ-ਨੇਤਾ ਤੋਂ ਬਿਨਾਂ ਘੱਟੇ-ਕੌਡੀ ਰਲ ਜਾਂਦੇ ਹਨ। ਜੇ ਆਗੂ ਪਿਛਲੇ ਕ੍ਰਮ-ਵਿਕਾਸ ਨੂੰ ਨਾ ਜਾਣਦਾ ਹੋਵੇ ਤਾਂ ਵੀ ਉਹ ਇਨਕਲਾਬੀ ਮੌਕੇ ਨੂੰ ਨਹੀਂ ਸੰਭਾਲ ਸਕਦਾ। ਉਸ ਦੀ ਜਿਸ ਤਾਕਤਵਰ ਤੇ ਭਿਆਨਕ ਜਾਪਦੀ ਰਾਜ-ਸੱਤਾ ਨਾਲ ਟੱਕਰ ਹੁੰਦੀ ਹੈ, ਉਹ ਉਸ ਦੀਆਂ ਅੰਦਰਲੀਆਂ ਕਮਜ਼ੋਰੀਆਂ ਨੂੰ ਵੀ, ਜਿਨ੍ਹਾਂ ਉਸ ਨੂੰ ਖੋਖਲਾ ਕਰ ਛੱਡਿਆ ਹੁੰਦਾ ਹੈ, ਪਛਾਣਦਾ ਹੈ। ਸੱਚਾਈ ਦੇ ਬਲ ਤੇ ਭਰੋਸੇ ਨਾਲ ਅਕਾਲ ਪੁਰਖ ਦੀ ਰੱਖਿਆ ਸ਼ਾਮਲ ਹੁੰਦੀ ਹੈ। ਦੁਖ-ਸੁਖ ਨੂੰ ਸਮ ਕਰ ਜਾਣਨਾ, ਇਸ ਭੇੜ ਲਈ, ਇਕ ਆਸ਼ਾਵਾਦੀ ਸ਼ਕਤੀ ਬਣ ਜਾਂਦਾ ਹੈ ਤੇ ਫ਼ਤਹ ਸਦਾ ਅੰਗ-ਸੰਗ ਰਹਿੰਦੀ ਹੈ।

ਸਤਿਗੁਰੂ ਕਲਗੀਧਰ ਜੀ ਨੇ ਇਸ ਤਾਅ ਨੂੰ ਛੋਟੀ ਜਹੀ ਅਵਸਥਾ ਵਿਚ ਸੰਭਾਲਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਸੂਖਸ਼ਮ ਦ੍ਰਿਸ਼ਟੀ ਅਤੇ ਦੂਰ-ਦਰਸ਼ਤਾ ਅਦੁੱਤੀ ਸੀ। ਉਨ੍ਹਾਂ ਦਾ ਚਿੰਤਨ ਲਾ-ਮਿਸਾਲ ਸੀ। ਉਨ੍ਹਾਂ ਦੀ ਵਿਉਂਤਕਾਰੀ ਲਾਸਾਨੀ ਸੀ। ਇਨ੍ਹਾਂ ਦੀ ਮਹਾਨਤਾ ਨੂੰ ਨਾ ਮੰਨਣਾ ਉਸ ਬੇ-ਮਿਸਾਲ ਕੰਮ ਦੀ ਮਹਾਨਤਾ ਨੂੰ ਮੰਨਣੋਂ ਇਨਕਾਰ ਕਰਨਾ ਹੈ ਜੋ ਉਨ੍ਹਾਂ ਸਰੰਜਾਮ ਦਿੱਤਾ। ਉਨ੍ਹਾਂ ਅੰਦਰ ਗੁਰਬਾਣੀ ਵਿਚਲੇ ਗਿਆਨ ਦਾ ਉਹੋ ਪ੍ਰਵਾਹ ਚੱਲ



www.AKJ.Org

ਰਿਹਾ ਸੀ ਜੋ ਪਹਿਲੇ ਸਤਿਗੁਰਾਂ ਦੀਆਂ ਆਤਮਾਵਾਂ ਵਿਚ ਚਲਦਾ ਸੀ। ਉਹ ਉਸੇ ਸੇਧ ਤੇ ਪੰਧ ਤੇ ਚਲ ਰਹੇ ਸਨ ਜੋ ਆਦਿ ਗੁਰੂ ਜੀ ਨੇ ਕਾਇਮ ਕੀਤਾ ਸੀ। ਉਨ੍ਹਾਂ ਨੂੰ ਪਿੱਛੇ ਤੇ ਅੱਗੇ ਦਾ ਪੂਰਨ ਗਿਆਨ ਸੀ। ਉਨ੍ਹਾਂ ਨੇ ਜੋ ਮਹਾਨ ਕਾਰਜ ਪੂਰਨਤਾ ਤਕ ਪਹੁੰਚਾਇਆ ਉਹ ਉਨ੍ਹਾਂ ਨੂੰ ਭਾਰਤ ਦੇ ਨਹੀਂ, ਸੰਸਾਰ ਭਰ ਦੇ ਇਤਿਹਾਸ ਵਿਚ ਇਕ ਅਤਿ ਉੱਚਾ ਤੇ ਨਿਵੇਕਲਾ ਸਥਾਨ ਦਿੰਦਾ ਹੈ। ਉਨ੍ਹਾਂ ਦੇ ਇਸ ਕਾਰਜ ਦੀ ਮਹਾਨਤਾ ਨੂੰ ਸੰਸਾਰ ਦੇ ਦ੍ਰਿਸ਼ਟੀ-ਗੋਚਰ ਕਰਨਾ ਲਿਖਾਰੀ ਦਾ ਕੰਮ ਹੈ—ਇਕ ਲਿਖਾਰੀ ਦਾ ਨਹੀਂ; ਸਾਰੀ ਭਾਰਤੀ ਲਿਖਾਰੀ-ਬਰਾਦਰੀ ਦਾ ਕੰਮ ਹੈ।

ਸ੍ਰੀ ਕਲਗ਼ੀਧਰ ਜੀ ਦੇ ਜੀਵਨ ਦੀਆਂ ਬਹੁਤ ਸਾਰੀਆਂ ਗੱਲਾਂ ਬਾਰੇ ਸਾਨੂੰ ਪਤਾ ਨਹੀਂ। ਉਨ੍ਹਾਂ ਦੀ ਖੋਜ ਕਰਨੀ, ਖੋਜਕਾਰਾਂ ਦਾ ਕੰਮ ਹੈ। ਕਈ ਮਹਾਨਤਾ ਵਾਲੀਆਂ ਗੱਲਾਂ ਵਿਰੋਧੀਆਂ ਲੁਕਾ ਲਈਆਂ ਹਨ ਤੇ ਕਈ ਗ਼ਲਤ ਪਾ ਦਿੱਤੀਆਂ ਹਨ। ਇਨ੍ਹਾਂ ਦੀ ਸੋਧ ਕਰਨੀ ਸੋਧਕਾਰਾਂ ਦਾ ਕੰਮ ਹੈ, ਜੋ ਗੁਰਬਾਣੀ ਅਤੇ ਸ੍ਰੀ ਮੁੱਖ ਵਾਕ ਦੀ ਕਸਵੱਟੀ ਤੇ ਸੋਧੀਆਂ ਜਾ ਸਕਦੀਆਂ ਹਨ। ਸਾਡੇ ਕਈ ਪੁਰਾਣੇ ਲੇਖਕਾਂ ਤੇ ਕਵੀਆਂ ਨੇ ਉਥੋਂ ਹੀ ਬਿਨਾਂ ਪਰਖਿਆਂ ਸਮੱਗਰੀ ਚੁੱਕ ਲਈ ਹੈ ਤੇ ਕਈ ਥਾਵਾਂ ਤੇ ਅਨਰਥ ਕਰ ਦਿੱਤਾ ਹੈ। ਗ਼ਲਤ ਗੱਲਾਂ ਪਾਉਣ ਵਾਲੇ ਕੱਟੜ ਮੁਸਲਮਾਨ ਲੇਖਕ ਤਾਂ ਸਨ ਹੀ, ਪਰ ਉਨ੍ਹਾਂ ਦੇ ਆਧਾਰ ਤੇ ਲਿਖਣ ਵਾਲੇ ਅੰਗਰੇਜ਼ ਇਤਿਹਾਸਕਾਰਾਂ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਗ਼ਲਤ-ਫ਼ਹਿਮੀਆਂ ਵਧਾਈਆਂ ਤੇ ਪਰਚਾਰੀਆਂ ਹਨ। ਪੁਰਾਣੇ ਬ੍ਰਾਹਮਣੀ ਗੁਮਨਾਮ ਲੇਖਕਾਂ ਨੇ ਬੜਾ ਵਿਗਾੜ ਪਾਇਆ ਹੈ। 'ਸੌ-ਸਾਖੀ' ਵਿਚ, ਜਿਸ ਵਿਚੋਂ ਮਹਾਂ ਕਵੀ ਸੰਤੋਖ ਸਿੰਘ ਜੀ ਨੇ ਕਾਫ਼ੀ ਸਮੱਗਰੀ ਲਈ ਹੈ, ਮਹਾਰਾਜਾ ਰਣਜੀਤ ਸਿੰਘ ਕਾਲ ਤੇ ਉਸ ਤੋਂ ਮਗਰੋਂ ਇਨ੍ਹਾਂ ਨੇ ਸੂਖਸ਼ਮ ਭਾਂਤ ਦੇ ਹਾਨੀਕਾਰਕ ਆਖੇਪ ਕੀਤੇ ਹਨ। ਮਲੂਮ ਹੁੰਦਾ ਹੈ ਅੰਗਰੇਜ਼ਾਂ ਨੇ ਲੋਭ-ਲਾਲਚ ਦੇ ਕੇ ਆਪਣੇ ਸਾਮਰਾਜੀ ਹਿਤਾਂ ਨੂੰ ਪੂਰਨ ਲਈ ਕਈ ਘਟਨਾਂ ਸਿਖ ਇਤਿਹਾਸ ਵਿਚ ਤ੍ਰੋੜ-ਮਰੋੜ ਕੇ ਤੇ ਕਈ ਝੂਠੀਆਂ ਘੜ ਕੇ ਪਵਾਈਆਂ ਹਨ। ਕਈ ਸਿਖ ਲੇਖਕਾਂ ਨੇ ਅੰਨ੍ਹੀ ਸ਼ਰਧਾ ਵੱਸ ਕਈਆਂ ਥਾਵਾਂ ਤੇ ਪਵਾਈਆਂ ਹਨ। ਕਈ ਸਿਖ ਲੇਖਕਾਂ ਨੇ ਅੰਨ੍ਹੀ ਸ਼ਰਧਾ ਵੱਸ ਕਈਆਂ ਥਾਵਾਂ ਤੇ ਪੁਰਾਣਾਂ ਵਰਗੀਆਂ ਵਾਧੂ ਕਰਾਮਾਤੀ ਘਟਨਾਵਾਂ ਘੜ ਘੜ ਕੇ ਪਾਈਆਂ ਹਨ ਅਤੇ ਇਸ ਤਰ੍ਹਾਂ ਸ੍ਰੀ ਕਲਗ਼ੀਧਰ ਜੀ ਦੀ ਮਹਾਨਤਾ ਨੂੰ ਆਪਣੇ ਵੱਲੋਂ ਉਘਾੜਦਿਆਂ, ਅਸਲ ਵਿਚ ਅਨਜਾਣਿਆਂ ਉਲਟਾ ਕੰਮ ਕੀਤਾ ਹੈ।

ਸ੍ਰੀ ਕਲਗ਼ੀਧਰ ਜੀ ਦਾ ਜੀਵਨ ਸਾਹਿੱਤਕਾਰਾਂ ਲਈ ਸਾਮੱਗਰੀ ਦਾ ਅਮੋਲ-ਖ਼ਜ਼ਾਨਾ ਹੈ। ਸਾਹਿੱਤਕਾਰ ਇਤਿਹਾਸਕ ਘਟਨਾਵਾਂ ਤੇ ਵਿਅਕਤੀਆਂ ਦੇ ਕਾਰਨਾਮਿਆਂ ਵਿਚ ਜਾਨ ਪਾ ਦਿੰਦਾ ਹੈ। ਇਤਿਹਾਸਕ ਘਟਨਾਵਾਂ ਦਾ ਇਤਿਹਾਸਕ ਵਰਨਣ ਤਾਂ ਪਿੰਜਰ ਮਾਤਰ ਹੁੰਦਾ ਹੈ।

ਉਨ੍ਹਾਂ ਦੇ ਸਮੇਂ ਭਾਰਤੀਆਂ ਦੀ ਦਸ਼ਾ ਕੀੜਿਆਂ-ਸੁੰਡੀਆਂ ਤੋਂ ਕਿਸੇ ਪ੍ਰਕਾਰ ਵੀ ਚੰਗੀ ਨਹੀਂ ਸੀ। ਉਨ੍ਹਾਂ ਕੀਟਾਂ ਨੇ ਅੱਗੇ ਸ਼ੂਦਰਾਂ ਨੂੰ ਲਿਤਾੜਿਆ ਹੋਇਆ ਸੀ। ਸਤਿਗੁਰੂ ਜੀ ਨੇ ਇਨ੍ਹਾਂ ਵਿਚੋਂ 'ਖ਼ਾਲਸਾ ਪੰਥ' ਸਾਜ ਕੇ ਇਕ ਸਾਂਝੀ ਬਰਾਦਰੀ ਬਣਾ ਦਿੱਤੀ, ਜਿਸ ਵਿਚ ਨਾ ਕੋਈ ਊਚ ਸੀ, ਨਾ ਨੀਚ।

ਸੱਚ ਜਾਣੋ, ਅਸੀਂ ਉਨ੍ਹਾਂ ਦੇ ਆਦਰਸ਼ਾਂ ਤੋਂ ਡਿੱਗ ਪਏ ਹਾਂ। ਜਿਸ ਜਾਤ-ਪਾਤ ਦਾ ਅਮਲੀ ਖੰਡਨ ਕਰ ਕੇ ਸਤਿਗੁਰਾਂ ਖ਼ਾਲਸਾ ਪੰਥ ਸਾਜਿਆ ਸੀ, ਉਸ ਵਿਚ ਬ੍ਰਾਹਮਣਵਾਦ ਨੇ, ਜਿਸ ਨਾਲ ਸਤਿਗੁਰਾਂ ਕਦੇ ਸਮਝੌਤਾ ਨਹੀਂ ਸੀ ਕੀਤਾ, ਆਪਣਾ ਅਸਰ, ਵਿਸ਼ੇਸ਼ ਕਰਕੇ ਜਾਤ-ਪਾਤ ਦੇ ਭਿੰਨ-ਭੇਦ ਦੇ ਰੂਪ ਵਿਚ, ਫੇਰ ਪਾ ਦਿੱਤਾ ਹੈ। ਅਸੀਂ ਉਸੇ ਤਰ੍ਹਾਂ ਪਾਟੇ ਪਏ ਹਾਂ, ਜਿਸ ਤਰ੍ਹਾਂ ਭਾਰਤੀ ਹਿੰਦੂ-ਸਮਾਜ ਆਦਿ ਗੁਰੂ ਜੀ ਦੇ ਅਵਤਾਰ ਧਾਰਨ ਤੋਂ ਪਹਿਲਾਂ ਪਾਟਿਆ ਪਿਆ ਸੀ। ਆਓ, ਪਿਆਰੇ ਵੀਰੋ, ਅਸੀਂ ਆਪਣੇ ਅੰਦਰ ਝਾਤੀ ਮਾਰੀਏ! ਕੀ ਸਾਨੂੰ ਉਸੇ ਪਖੰਡ ਨੇ ਤਾਂ ਨਹੀਂ ਗ੍ਰੱਸ ਲਿਆ, ਜਿਸ ਦਾ ਖੰਡਨ ਸਤਿਗੁਰਾਂ ਨੇ ਕਦਮ ਕਦਮ ਤੇ ਕੀਤਾ ਸੀ? ਸਾਨੂੰ ਕਿਸੇ ਨੂੰ 'ਨਾਈ ਸਿੰਘ', 'ਤਰਖਾਣ ਸਿੰਘ' 'ਚੋਥੇ ਪੋੜੇ ਦਾ ਸਿੰਘ' ਕਹਿੰਦਿਆਂ ਸ਼ਰਮ ਨਹੀਂ ਆਉਂਦੀ? ਅਸੀਂ ਖ਼ਾਲਸੇ ਦੀ ਰਹਿਤ ਦਾ ਇਕ ਭਾਗ ਉੱਕਾ ਹੀ ਵਿਸਾਰ ਦਿੱਤਾ ਹੈ। ਤੇ ਜੇ ਅਸੀਂ ਹੁਣ ਸਾਰੇ ਫੇਰ ਰੁਲਦੇ-ਫਿਰਦੇ ਹਾਂ ਤਾਂ ਦੋਸ਼ ਕਿਸ ਦਾ?

www.AKJ.Org

# ਕਲਜੁਗ ਮਹਿ ਕੀਰਤਨੁ ਪਰਧਾਨਾ

[ਵਲੋਂ :–ਸ: ਮਨੋਹਰ ਸਿੰਘ ਜੀ 'ਦਰਦੀ', ਤਰਨ ਤਾਰਨ]

ਜਦੋਂ ਮੈਂ ਪਹਿਲੀ ਵਾਰ ਸਹਿਜ ਪਾਠ ਕਰਦਿਆਂ ਪੰਨਾ ੧੦੭੫ ਤੋਂ ਉਪਰੋਕਤ ਤੁਕ ਪੜ੍ਹੀ ਤਾਂ ਮੇਰੇ ਮਨ ਵਿਚ ਵਿਚਾਰ ਆਈ ਕਿ ਸੱਚੇ ਪਾਤਸ਼ਾਹ ਨੇ ਘੋਰ ਕਲਜੁਗ ਵਿਚ ਸਭ ਕਰਮਾਂ ਤੋਂ ਵੱਧ ਮਹਾਨਤਾ ਕੀਰਤਨ ਨੂੰ ਕਿਉਂ ਦਿਤੀ ਹੈ ? ਮਨ ਵਿਚ ਇਹ ਪ੍ਰਸ਼ਨ ਉਠਦਿਆਂ ਹੀ ਮੈਂ ਗੁਰਬਾਣੀ ਵਿਚੋਂ ਕੀਰਤਨ ਪ੍ਰਥਾਇ ਕੁਝ ਤੁੱਕਾਂ ਇਕੱਤਰ ਕੀਤੀਆਂ, ਜੋ ਧਿਆਨ ਗੋਚਰੇ ਹਨ–

ਕੀਰਤਨੁ ਨਿਰਮੋਲਕ ਹੀਰਾ ॥ (ਪੰਨਾ ੮੯੩)
ਸਦਾ ਸੁਖੁ ਕਲਿਆਣ ਕੀਰਤਨੁ,
ਪ੍ਰਭ ਲਗਾ ਮੀਠਾ ਭਾਣਾ ॥ (੯੨੬)
ਜੋ ਜੋ ਕਥੈ ਸੁਨੈ ਹਰਿ ਕੀਰਤਨੁ,
ਤਾ ਕੀ ਦੁਰਮਤਿ ਨਾਸ ॥ (੧੩੦੦)

ਸਾਨੂੰ ਇਹ ਸਮਝ ਤਾਂ ਆਈ ਕਿ ਕੀਰਤਨੁ, ਸਾਡੀ ਬੁਧੀ ਨੂੰ ਵਿਕਾਰਾਂ ਤੋਂ ਨਿਰਮਲ ਕਰਨ ਵਾਲਾ ਸੁਖਦਾਇਕ ਹੈ, ਜਿਸ ਦੇ ਮੁਕਾਬਲੇ ਕੀਮਤੀ ਪੱਥਰ ਰਤਨ ਆਦਿਕ ਕੁਝ ਵੀ ਨਹੀਂ ਹਨ। ਅਥਵਾ–

ਮੋਤੀ ਮਾਣਕ ਹੀਰਾ ਹਰਿ ਜਸੁ,
ਗਾਵਤ ਮਨੁ ਤਨੁ ਭੀਨਾ ਹੈ ॥ (੧੦੨੭)

ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਗੁਰੂ ਜੀ ਕਿਸ ਤਰ੍ਹਾਂ ਦੇ ਕੀਰਤਨ ਬਾਰੇ ਫੁਰਮਾਉਂਦੇ ਹਨ। ਲੋਕ-ਵਿਖਾਵੇ ਦੇ ਕੀਰਤਨ ਦੀ ਕੋਈ ਥਾਂ ਨਹੀਂ। ਲੋਕਾਂ ਨੂੰ ਖ਼ੁਸ਼ ਕਰਨ ਲਈ ਲੋਭ-ਗ੍ਰਸੇ ਕੀਰਤਨੀਆਂ ਬਾਰੇ ਦਸਮੇਸ਼ ਜੀ ਫ਼ੁਰਮਾਉਂਦੇ ਹਨ–

"ਕਹੂੰ ਪਉਨਹਾਰੀ, ਕਹੂੰ ਬੈਠੇ ਲਾਇ ਤਾਰੀ,
ਕਹੂੰ ਲੋਭ ਕੀ ਖੁਮਾਰੀ ਸੋ ਅਨੇਕ ਗੁਨ ਗਾਵਹੀ ॥"
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੈ ॥ (੭੪੭)
ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥ (੮੮੫)

ਗੁਰੂ ਕੇ ਸਿੱਖ ਤੰਤੀ ਸਾਜ਼ਾਂ ਨਾਲ ਗਹਿਰ ਗੰਭੀਰ ਰਾਗਾਂ ਵਿਚ ਕੀਰਤਨ ਕਰਦੇ ਹਨ, ਅਤੇ ਜੋੜੀ ਵਾਜਿਆਂ ਨਾਲ ਵੀ ਆਮ ਕੀਰਤਨ ਕੀਤਾ ਜਾਂਦਾ ਹੈ। ਪਿੰਡਾਂ ਵਿਚ ਸੰਗਤਾਂ ਢੋਲਕੀਆਂ, ਛੈਣੇ ਅਤੇ ਚਿਮਟੇ ਵਜਾ ਕੇ ਸਾਦੀਆਂ ਧਾਰਨਾਂ ਨਾਲ ਕੀਰਤਨ ਕਰਦੇ ਹਨ । ਸੋ ਵਜਦ ਵਿਚ ਆ ਕੇ ਗੁਰਬਾਣੀ ਗਾਵਨਹਾਰੇ ਸਭ ਉਸ ਦੇ ਦਰ ਤੇ ਪ੍ਰਵਾਨ ਹਨ । ਕੀਰਤਨ ਕੀ ਹੈ ? ਉਸ ਨਿਰੰਕਾਰ ਦੀ ਕੀਰਤੀ (ਜਸ) ਸਿਫਤ ਸਲਾਹ ਕਰਨੀ, ਅਤੇ ਸਾਡੀ ਰਸਨਾ (ਜੀਭ)ਦਾ ਸਭ ਤੋਂ ਸ੍ਰੇਸ਼ਟ ਕਰਮ ਹੀ ਇਹ ਹੈ। ਯਥਾ–

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥ (੧੨੯੮)
ਅਥਵਾ–ਹੇ ਜਿਹਵੇ ਤੂੰ ਰਾਮ ਗੁਣ ਗਾਉ ॥ (੧੮੦)

ਜਦੋਂ ਜਗਤ-ਤਾਰਕ ਗੁਰੂ ਨਾਨਕ ਸਾਹਿਬ ਵੇਈਂ ਨਦੀ ਵਿਚ ਟੁੱਭੀ ਲਾ ਅਕਾਲ ਪੁਰਖ ਦੇ ਦਰਬਾਰ ਪਹੁੰਚੇ, ਤਾਂ ਉਹਨਾਂ ਵੇਖਿਆ ਕਿ ਦਰ ਉਤੇ ਅਨੇਕਾਂ ਹੀ ਰਾਗੀ ਅਤੇ ਸਾਜਿੰਦੇ ਹਾਜ਼ਰੀ ਭਰ ਰਹੇ ਹਨ। ਆਪ ਜੀ ਦੇ ਮਨ ਵਿਚ ਕੇਵਲ ਸਾਈਂ ਦੇ ਗੁਣ ਗਾਉਣ ਦੀ ਹੀ ਇੱਛਾ ਰਹਿ ਗਈ। ਆਪ ਜੀ ਉਸ ਦੇ ਢਾਡੀ (ਕੀਰਤਨੀਏ) ਬਣ ਗਏ। ਤੀਸਰੇ ਅਤੇ ਪੰਜਵੇਂ ਸਤਿਗੁਰੂ ਜੀ ਨੇ ਵੀ ਆਪਣੇ ਆਪ ਨੂੰ ਉਸ ਦਾ ਢਾਡੀ ਕਿਹਾ ਹੈ–

ਹਉ ਢਾਢੀ ਵੇਕਾਰੁ, ਕਾਰੈ ਲਾਇਆ ॥ (੧੫੦)
ਢਾਢੀ ਗੁਣ ਗਾਵੈ ਨਿਤ, ਜਨਮੁ ਸਵਾਰਿਆ ॥
(੭੯੦)

ਸਾਹਿਬ 'ਸੋ ਦਰੁ' ਦੀ ਬਾਣੀ ਵਿਚ ਉਚਾਰਦੇ ਹਨ ਕਿ ਸਭ ਜੀਵ ਤੈਨੂੰ ਗਾ ਰਹੇ ਹਨ। ਅੰਤ ਵਿਚ ਕਹਿੰਦੇ ਹਨ, ਹੋਰ ਕਿੰਨੇ ਹੀ ਤੈਨੂੰ ਗਾਉਣ ਵਾਲੇ ਐਸੇ ਹਨ, ਜੋ ਮੇਰੇ ਧਿਆਨ ਵਿਚ ਨਹੀਂ, ਤੇਰੀ ਰਚਨਾ ਬੇਅੰਤ ਹੈ। ਚੌਥੇ ਪਾਤਸ਼ਾਹ ਕਹਿੰਦੇ ਹਨ ਕਿ ਘਣੀ ਅਬਾਦੀ ਤੋਂ ਦੂਰ, ਜੰਗਲੀ ਜੀਵ ਪਸ਼ੂ ਪੰਛੀ ਡੱਡੂ ਮੱਛੀਆਂ ਅਤੇ ਬੀਂਡੇ ਆਦਿਕ ਆਪਣੀਆਂ



www.AKJ.Org

ਆਪਣੀਆਂ ਬੋਲੀਆਂ ਰਾਹੀਂ ਸਵੇਰੇ ਸ਼ਾਮ ਮਧੁਰ ਧੁੰਨਾਂ ਕਢਦੇ ਹੋਏ ਤੇਰਾ ਜੱਸ ਗਾ ਰਹੇ ਹਨ–

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ (੧੨੬੫)

ਅਕਾਲ ਪੁਰਖ ਦੇ ਸੱਚੇ ਢਾਡੀ ਚੱਲ ਪਏ ਜਗਤ ਜਲੰਦੇ ਨੂੰ ਠੰਡ ਪਾਉਣ। ਨਾਲ ਸਾਥੀ ਹਨ ਭਾਈ ਮਰਦਾਨਾ, ਜੋ ਰੱਬੀ ਮਿਹਰ ਦਾ ਸਦਕਾ ਆਪਣੇ ਮਾਲਕ ਦੀ ਰਜ਼ਾ ਅਨੁਸਾਰ ਸੋਹਣੀਆਂ ਮਿਠੀਆਂ ਸੁਰਾਂ ਛੇੜਦੇ ਹਨ, ਅਤੇ ਸਮੇਂ ਦੇ ਰਾਗਾਂ ਦੀ ਸੋਝੀ ਰੱਖਣ ਵਾਲੇ ਪ੍ਰੀਤਮ 'ਧੁਰ ਕੀ ਬਾਣੀ' ਦਾ ਪ੍ਰੇਮ-ਮਈ ਕੀਰਤਨ ਕਰਦੇ ਹਨ, ਜੋ ਪੱਥਰ ਦਿਲਾਂ ਨੂੰ ਮੋਮ ਕਰੀ ਜਾਂਦੀ ਹੈ। ਇਸ ਮਾਹੀ ਦੀ ਸੱਦ ਸੁਣ ਕੇ 'ਠੱਗ' ਸਚੇ ਸੱਜਨ ਬਣ ਗਏ, ਕੋਹੜੇ ਰਾਜ਼ੀ ਹੋ ਗਏ, ਅਤੇ ਪਲਾਂ ਵਿਚ ਬਣ ਗਏ ਰਾਖਸ਼ਾਂ ਤੋਂ ਦੇਵਤੇ। ਭਾਈ ਗੁਰਦਾਸ ਜੀ ਲਿਖਦੇ ਹਨ–

ਇਕ ਬਾਬਾ ਅਕਾਲ ਰੂਪ,
ਦੂਜਾ ਰਬਾਬੀ ਮਰਦਾਨਾ ॥
[ਵਾਰ ੧, ਪਉੜੀ ੩੫

ਅਥਵਾ–ਭਲਾ ਰਬਾਬ ਵਜਾਇੰਦਾ,
ਮਜਲਸ ਮਰਦਾਨਾ ਮੀਰਾਸੀ ॥
(ਵਾਰ ੧੧, ਪਉੜੀ ੧੩)

ਪੰਚਮ ਪਾਤਸ਼ਾਹ ਦੇ ਪਵਿੱਤਰ ਮੁਖਾਰਬਿੰਦ ਰਾਹੀਂ ਉਪਜੇ ਕੀਰਤਨ ਨੇ ਬਾਬਾ ਮੋਹਨ ਜੀ ਨੂੰ ਸਮਾਧੀ ਤੋਂ ਸੁਚੇਤ ਕੀਤਾ। ਬਾਬਾ ਜੀ ਪ੍ਰੇਮ ਦੇ ਖਿਚੇ ਨਿਮਰਤਾ ਸਹਿਤ ਹਾਜ਼ਰ ਹੋਏ। ਅਨੰਦਪੁਰ ਨੂੰ ਛੱਡ ਕੇ ਦੁਸ਼ਮਣਾਂ ਵਿਚ ਘਿਰੇ, ਪਰ ਦੁਨਿਆਵੀ ਫ਼ਿਕਰਾਂ ਤੋਂ ਬੇ-ਖ਼ਬਰ ਕਲਗੀਧਰ ਪਿਤਾ ਅੰਮ੍ਰਿਤ ਵੇਲੇ ਕੀਰਤਨ ਦਾ ਅਨੰਦ ਮਾਣ ਰਹੇ ਹਨ। ਗੁਰੂ ਅਰਜਨ ਪਾਤਸ਼ਾਹ ਕਹਿੰਦੇ ਹਨ ਕਿ ਹੇ ਮੇਰੇ ਮਿੱਤਰ ਸੱਜਨ, ਮੈਨੂੰ ਉਹ ਥਾਂ ਦਸੋ, ਜਿਥੇ ਹਰ ਸਮੇਂ ਕੀਰਤਨ ਦੀਆਂ ਛਹਿਬਰਾਂ ਲਗਦੀਆਂ ਹੋਣ, ਮੇਰਾ ਮਨ ਉਥੇ ਜਾ ਕੇ ਉਸ ਸਾਈਂ ਦੀ ਯਾਦ ਵਿਚ ਜੁੜ ਜਾਂਦਾ ਹੈ–

ਸੋ ਅਸਥਾਨੁ ਬਤਾਵਹੁ ਮੀਤਾ ॥
ਜਾ ਕੈ ਹਰਿ ਹਰਿ ਕੀਰਤਨੁ ਨੀਤਾ ॥ (੩੮੫)

ਅਥਵਾ–ਸੁਣਿ ਬੇਨੰਤੀ ਸੁਆਮੀ ਅਪੁਨੇ
ਨਾਨਕੁ ਇਹੁ ਸੁਖੁ ਮਾਗੈ ॥
ਜਹ ਕੀਰਤਨੁ ਤੇਰਾ ਸਾਧੂ ਗਾਵਹਿ
ਤਹ ਮੇਰਾ ਮਨੁ ਲਾਗੈ ॥ (੬੧੦)

ਸਾਹਿਬ ਫੁਰਮਾਉਂਦੇ ਹਨ ਕਿ ਐਸਾ ਅਸਥਾਨ ਗੁਰੂ ਜੀ ਆਪ ਹੀ ਕਿਰਪਾ ਕਰ ਕੇ ਦਸਦੇ ਹਨ। ਯਥਾ–

ਸਾਧੂ ਸੰਗਿ ਹਰਿ ਕੀਰਤਨੁ ਗਾਈਐ ॥
ਇਹੁ ਅਸਥਾਨ ਗੁਰੂ ਤੇ ਪਾਈਐ ॥ (੩੮੫)

ਗੁਰੂ ਅਮਰਦਾਸ ਜੀ ਨੇ ਮੇਹਰ ਕੀਤੀ ਅਤੇ ਸਾਹਿਬ ਗੁਰੂ ਰਾਮਦਾਸ ਜੀ ਨੂੰ ਉਹ ਥਾਂ ਦਿਖਾ ਦਿਤਾ; ਅਤੇ ਪੰਚਮ ਪਾਤਸ਼ਾਹ ਜੀ ਨੇ ਇਸ ਨੂੰ ਅੰਤਿਮ ਰੂਪ ਦਿਤਾ ਹੈ। ਇਸ ਦਾ ਨਕਸ਼ਾ ਆਇਆ ਸਚਖੰਡ ਤੋਂ। ਇਥੋਂ ਭੱਟਾਂ ਨੂੰ ਆਤਮਿਕ ਸ਼ਾਂਤੀ ਪ੍ਰਾਪਤ ਹੋਈ। ਦੁਨੀਆ ਭਰ ਤੋਂ ਜੀਵ ਆ ਕੇ ਦਰਸ਼ਨ ਇਸ਼ਨਾਨ ਕਰ ਕੇ ਜਨਮ ਸਫਲ ਕਰਦੇ ਹਨ, ਹੋ ਰਿਹਾ ਅਖੰਡ ਕੀਰਤਨ ਸੁਣ ਕੇ ਹਿਰਦੇ ਨੂੰ ਠੰਡ ਪੈਂਦੀ ਹੈ,ਅਤੇ ਸੁਭਾਵਕ ਹੀ ਤੁੱਕਾਂ ਯਾਦ ਆਉਂਦੀਆਂ ਹਨ–

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥(੧੩੬੨)

ਐਸੇ ਅਸਥਾਨ ਪ੍ਰਥਾਇ ਹੀ ਗੁਰਬਾਣੀ ਵਿਚ ਆਉਂਦਾ ਹੈ–

ਤਹਾ ਬੈਕੁੰਠੁ ਜਹ ਕੀਰਤਨੁ ਤੇਰਾ,
ਤੂੰ ਆਪੇ ਸਰਧਾ ਲਾਇਹਿ ॥ (੭੪੯)

ਕੀਰਤਨ ਕਰਕੇ ਹੀ ਭਗਤ ਨਾਮਦੇਵ ਜੀ ਨੂੰਪ੍ਰਭੂ ਦੇ ਦਰਸ਼ਨ ਹੋਏ। ਨਾਮਦੇਵ ਜੀ ਦੇ ਪ੍ਰੇਮ-ਭਿੰਨੇ ਕੀਰਤਨ ਸਦਕਾ ਦੇਹਰਾ ਫਿਰ ਗਿਆ। ਮੀਰਾਂ ਬਾਈ ਵਾਸਤੇ ਜ਼ਹਿਰ ਵੀ ਚਰਨਾਮ੍ਰਿਤ ਬਣ ਗਿਆ। ਤਾਰਾਰਾਣੀ ਨੇ ਹਰ ਰੋਜ਼ ਦੀ ਤਰ੍ਹਾਂ ਸੰਗਤ ਵਿਚ ਕੀਰਤਨ ਦਾ ਅਨੰਦ ਮਾਨਣ ਉਪਰੰਤ ਦੇਖਿਆ ਕਿ ਇਕ ਖੜਾਂਵ ਨਹੀਂ ਹੈ, ਪਰ ਸੰਗਤ ਦੀ ਅਰਾਧਨਾ ਸਦਕਾ ਜੋੜੀ ਜੁੜ ਗਈ। ਅਰਦਾਸ ਵਿਚ ਮਸਤ ਹੋਏ ਭਗਤ ਸੈਣ ਜੀ ਨੂੰ ਰਾਜੇ ਦੀ ਸੇਵਾ ਕਰਨ ਦਾ ਚੇਤਾ ਵਿਸਰ ਗਿਆ, ਤਾਂ ਪ੍ਰਭੂ ਨੇ ਆਪ ਸੈਣ ਜੀ ਦਾ ਰੂਪ ਧਾਰ ਕੇ ਰਾਜੇ ਦੀ ਐਸੀ ਸੇਵਾ ਕੀਤੀ ਕਿ ਉਸ ਦੇ ਸਾਰੇ ਕਸ਼ਟ ਨਵਿੱਰਤ ਹੋ ਗਏ। ਭਾਈ ਗੁਰਦਾਸ ਜੀ ਦਸਵੀਂ ਵਾਰ ਦੀ ਸੋਲ੍ਹਵੀਂ ਪਉੜੀ ਵਿਚ ਲਿਖਦੇ ਹਨ–

"ਆਏ ਸੰਤ ਪਰਾਹੁਣੇ,


www.AKJ.Org

ਕੀਰਤਨੁ ਹੋਆ ਰੈਣਿ ਸਬਾਈ ॥

ਮਨ ਪ੍ਰਭੂ ਚਰਨਾਂ ਵਿਚ ਜੁੜਿਆ ਹੋਵੇ, ਅਤੇ ਗੁਰੂ ਘਰ ਦਾ ਕੀਰਤਨੀਆ ਦੁਨਿਆਵੀ ਪਦਾਰਥਾਂ, ਮਾਇਆ ਅਤੇ ਝੂਠੇ ਮਾਣ ਵਡਿਆਈ ਦਾ ਖਿਆਲ ਛੱਡ ਕੀਰਤਨ ਕਰ ਰਿਹਾ ਹੋਵੇ। ਪ੍ਰੇਮ ਵਿਚ ਮਸਤ ਹੋਏ ਕੀਰਤਨ ਕਰਨ, ਅਤੇ ਸੁਣਨ ਵਾਲਿਆਂ ਪ੍ਰਤੀ ਮਹਾਰਾਜ ਉਚਾਰਦੇ ਹਨ—

ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ ॥
ਤਿਸੁ ਜਨ ਦੂਖੁ ਨਿਕਟਿ ਨਹੀ ਆਵੈ ॥ (੧੯੦)

ਐਸੇ ਭਲੇ ਕੀਰਤਨੀਆਂ ਦੀ ਸੰਗਤ ਵਿਚ ਅਨੋਖਾ ਹੀ ਆਤਮਿਕ ਰਸ ਪ੍ਰਾਪਤ ਹੁੰਦਾ ਹੈ, ਜਿਹੜਾ ਵਰਨਣ ਨਹੀਂ ਕੀਤਾ ਜਾ ਸਕਦਾ।

ਸਤਿਗੁਰੂ ਜੀ ਇਸ ਕੀਰਤਨ ਕਰਨ ਦਾ ਮਹਾਤਮ ਦਸਦੇ ਹਨ ਕਿ ਹੇ ਪੁਰਖਾ! ਤੇਰੀ ਨਿਰਮਲ ਬੁਧੀ ਹੋਵੇਗੀ, ਅਕਾਲ ਪੁਰਖ ਦੇ ਦਰਬਾਰ ਵਿਚ ਸਾਂਝ ਪਵੇਗੀ, ਅਤੇ ਮੁੱਕਤੀ ਨੂੰ ਪ੍ਰਾਪਤ ਹੋਵੇਂਗਾ। ਰਾਮਕਲੀ ਦੀ ਸਦ ਵਿਚ ਸੁੰਦਰ ਜੀ ਨੇ ਗੁਰੂ ਹੁਕਮ ਲਿਖਿਆ ਹੈ—

ਅੰਤੇ ਸਤਿਗੁਰੁ ਬੋਲਿਆ,
ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ
ਜੀਉ ॥ (੯੨੩)

ਐਸਾ ਕੀਰਤਨੁ ਕਰਿ ਮਨ ਮੇਰੇ ॥
ਈਹਾ ਊਹਾ ਜੋ ਕਾਮਿ ਤੇਰੈ ॥ (੨੩੬)

ਨਾਨਕੁ ਆਖੈ ਇਹੁ ਬੀਚਾਰੁ ॥
ਸਿਫਤੀ ਗੰਢੁ ਪਵੈ ਦਰਬਾਰਿ ॥ (੧੪੩)

ਕੁਰਬਾਣੀ ਤਿਨਾ ਗੁਰਸਿੱਖਾਂ,
ਗੁਰਬਾਣੀ ਨਿਤ ਗਾਇ ਸੁਣੰਦੇ ॥
(ਵਾ : ੧੨, ਪਉੜੀ ੨)

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ,
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (੩੦੬)

ਤਾਂ ਤੇ ਐਸਾ ਕੀਰਤਨ ਜੋ ਲੋਕ ਪਰਲੋਕ ਵਿਚ ਸਹਾਇਤਾ ਕਰਨ ਵਾਲਾ ਹੋਵੇ, ਜਿੰਨਾ ਵਧੀਕ ਹੋ ਸਕੇ, ਚੰਗਾ ਹੈ। ਕੀਰਤਨ ਕਰਨ ਵਾਸਤੇ ਕੋਈ ਖ਼ਾਸ ਸਮਾਂ ਨਹੀਂ। ਅੰਮ੍ਰਿਤ ਵੇਲੇ ਆਸਾ ਦੀ ਵਾਰ, ਸ਼ਾਮ ਨੂੰ ਸੋਦਰ, ਅਤੇ ਰਾਤ ਕਲਿਆਣ ਦੀ ਚੌਂਕੀ ਤੋਂ ਇਲਾਵਾ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਤਰਨ ਤਾਰਨ ਸਾਹਿਬ ਹਰ ਸਮੇਂ ਕੀਰਤਨ ਹੁੰਦਾ ਰਹਿੰਦਾ ਹੈ। ਗੁਰੂ ਕਾ ਸਿੱਖ ਹਰ ਰੋਜ਼ ਖੁਸ਼ੀ, ਗਮੀ ਵਿਚ ਕੀਰਤਨ ਦਾ ਆਸਰਾ ਲੈਂਦਾ ਹੈ। ਇਸ ਕਰਕੇ ਸਤਿਗੁਰੂ ਜੀ ਦਿਨ ਰਾਤ ਕੀਰਤਨ ਵਾਸਤੇ ਕਹਿੰਦੇ ਹਨ। ਇਥੋਂ ਤੱਕ ਕਿ ਉਠਦੇ ਬੈਠਦੇ, ਚਲਦੇ ਫਿਰਦੇ ਵੀ ਕੀਰਤਨ ਵਿਚ ਮਨ ਜੁੜਿਆ ਰਹੇ। ਆਪ ਜੀ ਕੀਰਤਨ ਦੇ ਪਿਆਸੇ ਮਨ ਦੀ ਅਵੱਸਥਾ ਇਸ ਤਰ੍ਹਾਂ ਫੁਰਮਾਉਂਦੇ ਹਨ :—

ਕਬ ਕੋਊ ਮੇਲੈ ਪੰਚ ਸਤ ਗਾਇਣ ਕਬ ਕੋ
ਰਾਗ ਧੁਨਿ ਉਠਾਵੈ ॥ ਮੇਲਤ ਚੁਨਤ ਖਿਨੁ
ਪਲੁ ਚਸਾ ਲਾਗੈ, ਤਬ ਲਗੁ ਮੇਰਾ ਮਨੁ ਰਾਮ
ਗੁਨ ਗਾਵੈ ॥ (੩੬੮)

ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥ (੩੮੬)

ਰੈਣਿ ਦਿਨਸੁ ਪਰਭਾਤਿ ਤੂਹੈ ਹੀ ਗਾਵਣਾ॥(੯੫੨)

ਹਰਿ ਦਿਨੁ ਰੈਨਿ ਕੀਰਤਨੁ ਗਾਈਐ ॥
ਬਹੁੜਿ ਨ ਜੋਨੀ ਪਾਈਐ ॥ (੬੨੪)

ਕਹੈ ਨਾਨਕੁ ਸਦਾ ਗਾਵਹੁ, ਏਹ ਸਚੀ
ਬਾਣੀ ॥ (੯੨੦)

ਹਮਰਾ ਠਾਕੁਰੁ ਸਭ ਤੇ ਊਚਾ, ਰੈਣਿ ਦਿਨਸੁ
ਤਿਸੁ ਗਾਵਉ ਰੇ ॥ (੪੦੪)

ਕਾਫੀ ਸਮੇਂ ਤੋਂ ਥਾਂ ਥਾਂ ਕੀਰਤਨ-ਦਰਬਾਰ ਹੁੰਦੇ ਹਨ, ਜਿਸ ਵਿਚ ਨਾਮੀ ਗਰਾਮੀ ਰਾਗੀ ਜੱਥੇ ਹਾਜ਼ਰੀਆਂ ਭਰਦੇ ਹਨ। ਪ੍ਰਬੰਧਕਾਂ ਵਲੋਂ ਵੀ ਸਜਾਵਟ, ਛਬੀਲਾਂ, ਲੰਗਰ, ਅਤੇ ਜੋੜਿਆਂ ਦੀ ਸੰਭਾਲ ਆਦਿ ਦੇ ਬੜੇ ਪ੍ਰਬੰਧ ਕੀਤੇ ਜਾਂਦੇ ਹਨ, ਪਰ ਬਹੁ-ਸੰਮਤੀ ਸੰਗਤਾਂ ਇਨ੍ਹਾਂ ਕੀਰਤਨ-ਦਰਬਾਰਾਂ ਤੋਂ ਕੀਰਤਨ-ਰਸ ਨਹੀਂ ਪ੍ਰਾਪਤ ਕਰ ਸਕਦੀਆਂ। ਸਾਨੂੰ ਐਸੇ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ ਜਿਨ੍ਹਾਂ ਤੋਂ ਆਮ ਸੰਗਤਾਂ ਲਾਭ ਪ੍ਰਾਪਤ ਕਰ ਸਕਣ। ਉਹਨਾਂ ਨੂੰ ਕੀਰਤਨ ਦਾ ਰੱਸ ਆਵੇ, ਉਮਾਹ ਜਾਗੇ ਅਤੇ ਖਿਚ ਪੈਦਾ ਹੋਵੇ ਤੇ ਉਹ ਵੀ ਕੀਰਤਨ ਸਿੱਖਣ ਅਤੇ ਨਿਤਾਪ੍ਰਤਿ ਕੀਰਤਨ ਭੁੰਚਣ। ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਦੇ ਕੋਨੇ ਕੋਨੇ ਜਾ ਕੇ ਕੀਰਤਨ ਰਾਹੀਂ ਪ੍ਰਚਾਰ ਕੀਤਾ ਅਤੇ ਸੰਗਤਾਂ ਨੂੰ ਧਰਮਸਾਲਾਂ ਬਣਾ ਕੇ ਨਾਮ ਜੱਪਣ ਤੇ



www.AKJ.Org

ਕੀਰਤਨ ਕਰਨ ਦਾ ਉਪਦੇਸ਼ ਕੀਤਾ। ਯਥਾ—

ਘਰਿ ਘਰਿ ਅੰਦਰ ਧਰਮਸਾਲ,
ਹੋਵੈ ਕੀਰਤਨ ਸਦਾ ਵਸੋਆ॥

ਪੰਚਮ ਪਿਤਾ ਕਹਿੰਦੇ ਹਨ ਕਿ ਗੁਰੂ ਜੀ ਨੇ ਕੀਰਤਨ ਦੁਆਰਾ ਮੁਕਤੀ ਬਾਰੇ ਦਸਿਆ ਹੈ, ਜੋ ਮੈਂ ਸਭ ਸੰਗਤ ਨੂੰ ਉੱਚੀ ਅਵਾਜ਼ ਵਿਚ ਦਸਦਾ ਹਾਂ—

ਜੈਸੋ ਗੁਰਿ ਉਪਦੇਸਿਆ, ਮੈ ਤੈਸੋ ਕਹਿਆ
ਪੁਕਾਰਿ ॥ ਨਾਨਕੁ ਕਹੈ ਸੁਨਿ ਰੇ ਮਨਾ,
ਕਰਿ ਕੀਰਤਨੁ ਹੋਇ ਉਧਾਰੁ ॥ (੨੧੪)

ਸਾਡੇ ਸਾਰਿਆਂ ਦਾ ਕੀਰਤਨ ਕਰਨਾ ਫ਼ਰਜ਼ ਬਣਦਾ ਹੈ। ਇਹ ਸਾਡੀ ਆਤਮਿਕ ਖ਼ੁਰਾਕ ਹੈ, ਜਿਵੇਂ ਸਰੀਰਕ ਭੁੱਖ ਮਿਟਾਉਣ ਵਾਸਤੇ ਅਸੀਂ ਸ਼ਰਮ ਮਹਿਸੂਸ ਨਹੀਂ ਕਰਦੇ, ਭਾਵੇਂ ਕਿਤੇ ਵੀ ਗਏ ਹੋਈਏ, ਇਸੇ ਤਰ੍ਹਾਂ ਸਾਨੂੰ ਕੀਰਤਨ ਕਰਨ ਤੋਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ, ਸਗੋਂ ਵਾਹਿਗੁਰੂ ਜੀ ਪਾਸੋਂ ਕੀਰਤਨ ਦੀ ਦਾਤ ਮੰਗਣੀ ਚਾਹੀਦੀ ਹੈ। ਯਥਾ-

ਭੂਖੇ ਖਾਵਤ ਲਾਜ ਨ ਆਵੈ ॥ ਤਿਉ ਹਰਿ
ਜਨੁ ਹਰਿ ਗੁਣ ਗਾਵੈ ॥ (੬੨੯)
ਮਾਗਨਾ ਮਾਗਨੁ ਨੀਕਾ, ਹਰਿ ਜਸੁ ਗੁਰ
ਤੇ ਮਾਗਨਾ ॥ (੧੦੧੮)
ਗੁਣ ਗਾਵਾ ਦਿਨੁ ਰਾਤਿ, ਨਾਨਕ ਚਾਉ
ਏਹੁ ॥ (੭੬੨)
ਹਰਿ ਕੀਰਤਨੁ ਕਾ ਆਹਰੋ, ਹਰਿ ਦੇਹੁ
ਨਾਨਕ ਕੇ ਮੀਤ ॥ (੫੧੯)

ਸਾਨੂੰ ਸਾਰਿਆਂ ਨੂੰ ਕੀਰਤਨ ਕਰਨਾ, ਸਿਖਣਾ ਅਤੇ ਸਿਖਾਉਣਾ ਚਾਹੀਦਾ ਹੈ। ਕੀਰਤਨ ਕਰਨਾ ਕੁਝ ਕੁ ਰਾਗੀ ਜੱਥਿਆਂ ਦਾ ਕੰਮ ਨਹੀਂ, ਸਗੋਂ ਸਾਰਿਆਂ ਦਾ ਕੰਮ ਹੈ। ਸਤਿਗੁਰੂ ਕਹਿੰਦੇ ਹਨ ਕਿ ਜਿਹੜਾ ਵੀ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਉਂਦਾ ਹੈ, ਉਹ ਇਸ਼ਨਾਨ ਕਰਕੇ ਨਾਮ ਜਪੇ, ਅਤੇ ਸੰਸਾਰਿਕ ਵਿਹਾਰਾਂ ਤੋਂ ਪਹਿਲਾਂ ਸੰਗਤਾਂ ਵਿਚ ਆ ਕੇ ਇੱਕ-ਮਨ ਹੋ ਗੁਰਬਾਣੀ ਗਾਵੇ, ਅਤੇ ਫਿਰ ਸਾਰਾ ਦਿਨ ਦੁਨਿਆਵੀ ਕੰਮ ਕਾਜ ਕਰਦਾ ਹੋਇਆ ਨਾਮ ਜਪੇ। ਹੁਕਮ ਹੈ :—

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ,
ਬਹਿਦਿਆ ਉਠਦਿਆ ਹਰਿ ਨਾਮੁ ਧਿਆਵੈ ॥(੩੦੫)
ਅਥਵਾ—ਹੁਕਮੁ ਮੰਨਿਹੁ ਗੁਰੂ ਕੇਰਾ,
ਗਾਵਹੁ ਸਚੀ ਬਾਣੀ ॥ (੬੧੮)

ਗੁਰੂ ਜੀ ਕਹਿੰਦੇ ਹਨ, ਹੁਣ ਕਲਜੁਗ ਆ ਗਿਆ ਹੈ, ਅਤੇ ਇਹੋ ਰੁੱਤ ਹੈ ਨਾਮ ਬੀਜਣ ਦੀ। ਸੋ ਕੀਰਤਨ ਰੂਪੀ ਬੀਜ ਪਾਵਹੁ, ਜੋ ਇਸ ਰੁਤ ਵਿਚ ਛੇਤੀ ਪ੍ਰਫੁੱਲਤ ਹੋਵੇਗਾ, ਅਤੇ ਇਸ ਸਦਕਾ ਤੈਨੂੰ ਸਾਈਂ ਦੇ ਦਰਬਾਰ ਰਹਿਣ ਵਾਸਤੇ ਥਾਂ ਪ੍ਰਾਪਤ ਹੋਵੇਗੀ—

ਅਬ ਕਲੂ ਆਇਓ ਰੇ ॥
ਇਕੁ ਨਾਮੁ ਬੋਵਹੁ ਬੋਵਹੁ ॥ (੧੧੮੫)
ਅਥਵਾ—ਬੀਜ ਮੰਤ੍ਰ ਹਰਿ ਕੀਰਤਨੁ ਗਾਉ ॥
ਆਗੈ ਮਿਲੀ ਨਿਥਾਵੇ ਥਾਉ ॥ (੮੯੧)

ਹੁਣ ਸਮਝ ਆਈ ਕਿ ਸਤਿਗੁਰਾਂ ਨੇ ਐਸੇ ਮਹਾਨ ਉੱਤਮ, ਕਲਿਆਣ-ਕਾਰੀ ਅਤੇ ਅਨੰਦ-ਦਾਇਕ ਕੀਰਤਨ ਨੂੰ ਕਲਜੁਗ ਦੇ ਸਮੇਂ ਪ੍ਰਧਾਨਤਾ ਕਿਉਂ ਦਿਤੀ ਹੈ। ਸੋ ਸਾਨੂੰ ਹਰ ਰੋਜ਼ ਕੀਰਤਨ ਕਰਨਾ ਚਾਹੀਦਾ ਹੈ, ਅਤੇ ਅੰਤ ਵਿਚ ਇਨ੍ਹਾਂ ਤੁੱਕਾਂ ਅਨੁਸਾਰ ਬੇਨਤੀ ਕਰਨੀ ਚਾਹੀਦੀ ਹੈ—

ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥ (੩੮੫)

---

**ਪਾਠਕਾਂ ਪ੍ਰਤੀ ਬੇਨਤੀਆਂ**—੧, ਅਸੀਂ ਹਰ ਮਹੀਨੇ ਸਾਰੇ ਐਡਰੈਸ ਰਜਿਸਟਰ ਨਾਲ ਚੈਕ ਕਰ ਕੇ, ਸਭ ਪਾਠਕਾਂ ਨੂੰ ਪਰਚੇ ਭੇਜਦੇ ਹਨ। ਡਾਕਖ਼ਾਨੇ ਦੀ ਅਣਗਹਿਲੀ ਕਾਰਨ ਕਈ ਪਰਚੇ ਗੁੰਮ ਜਾਂਦੇ ਹਨ। ਜਿਨ੍ਹਾਂ ਸਜਣਾਂ ਦਾ ਪਰਚਾ ਗੁੰਮ ਹੋ ਜਾਵੇ ਅਤੇ ਮਹੀਨੇ ਦੇ ਅਧ ਤਕ ਨਾ ਮਿਲੇ, ਉਹ ਉਸੇ ਮਹੀਨੇ ਵਿਚ ਹੋਰ ਪਰਚਾ ਮੰਗ ਭੇਜਣ। ਪਿਛਲੇ ਮਹੀਨਿਆਂ ਦੇ ਪਰਚੇ ਮਿਲਣੇ ਔਖੇ ਹਨ।

੨. ਆਪਣਾ ਚੰਦਾ ਇਤਲਾਹ ਪੁਜਣ ਸਾਰ ਭੇਜ ਦਿਓ। ਪਰਚਾ ਬੰਦ ਹੋ ਜਾਣ ਅਤੇ ਮੁੜ ਜਾਰੀ ਕਰਨ ਵਿਚ ਕਾਫ਼ੀ ਕਟ ਵਧ ਕਰਨੀ ਪੈਂਦੀ ਹੈ।

੩. ਮਨੀਆਰਡਰ ਕਰਾਉਣ ਦੀ ਘੌਲ ਕਾਰਨ ਕਈ ਸਜਣਾਂ ਦੇ ਪਰਚੇ ਕੁਝ ਚਿਰ ਲਈ ਬੰਦ ਹੋ ਜਾਂਦੇ ਹਨ। ਅਜਿਹੇ ਸਜਣ ਇਕੋ ਵਾਰ ਸੌ ਰੁਪਿਆ ਭੇਜ ਕੇ ਅਮਾਨਤੀ ਲਾਈਫ ਮੈਂਬਰ ਬਣ ਜਾਣ।

www.AKJ.Org

# ਸਰਬ-ਹਿੰਦ ਗੁਰਦਵਾਰਾ ਐਕਟ ਬਾਰੇ ਪੁੱਛਾਂ ਦੇ ਉਤਰ

ਸਰਬ ਭਾਰਤੀ ਸਿਖ ਗੁਰਦਵਾਰਾ ਕਾਨੂੰਨ ਸਲਾਹਕਾਰ ਕਮੇਟੀ ਦੇ ਪ੍ਰਧਾਨ ਸ: ਹਰਬੰਸ ਸਿੰਘ ਜੀ ਰਿਟਾਇਰ ਚੀਫ਼ ਜਸਟਿਸ ਵਲੋਂ ਜਾਰੀ ਕੀਤੇ ਪੁੱਛ-ਪੱਤਰ ਦਾ ਪੰਜਾਬੀ ਅਨੁਵਾਦ ਪਿਛਲੇ ਮਹੀਨੇ 'ਸੂਰਾ' ਵਿਚ ਪ੍ਰਕਾਸ਼ਤ ਕੀਤਾ ਗਿਆ ਸੀ। ਇਹ ਪੁੱਛ-ਪੱਤਰ ਹੁਣ ਉਪਰੋਕਤ ਕਮੇਟੀ ਵਲੋਂ ਪੰਜਾਬੀ ਵਿਚ ਵੀ ਛਾਪ ਲਏ ਗਏ ਹਨ ਅਤੇ ਕੋਠੀ ਨੰਬਰ 58, ਸੈਕਟਰ 4, ਚੰਡੀਗੜ੍ਹ ਤੋਂ ਚਿਠੀ ਲਿਖਣ ਤੇ ਪ੍ਰਾਪਤ ਹੋ ਸਕਦੇ ਹਨ।

ਸਾਰਿਆਂ ਸ਼ਹਿਰਾਂ ਤੇ ਕਸਬਿਆਂ ਦੀਆਂ ਸਿੰਘ ਸਭਾਵਾਂ ਵਲੋਂ ਸਾਂਝੇ ਤੌਰ ਤੇ ਵੀ ਅਤੇ ਜ਼ਿਮੇਵਾਰ ਵਿਅਕਤੀਆਂ ਵਲੋਂ ਵਿਅਕਤੀਗਤ ਤੌਰ ਤੇ ਇਹ ਫ਼ਾਰਮ ਭਰ ਕੇ ਤੁਰਤ ਹੀ ਭੇਜੇ ਜਾਣੇ ਚਾਹੀਦੇ ਹਨ।

ਕਈ ਗੁਰਮੁਖਾਂ ਵਲੋਂ ਇਸ ਸਬੰਧ ਵਿਚ 'ਸੂਰਾ' ਪੱਤਰ ਨੂੰ ਅਗਵਾਈ ਪ੍ਰਾਪਤ ਕਰਨ ਲਈ ਪੱਤਰ ਪੁਜੇ ਹਨ। ਸੋ ਉਨ੍ਹਾਂ ਅਤੇ ਹੋਰ ਸਾਰਿਆਂ ਦੀ ਗਿਆਤ ਲਈ ਅਖੰਡ ਕੀਰਤਨੀ ਜੱਥੇ ਵਲੋਂ ਦਿਤੇ ਗਏ ਉਤਰ ਹੇਠ ਛਾਪੇ ਜਾ ਰਹੇ ਹਨ।

ਮੁਖ-ਨੁਕਤਾ, ਜਿਸ ਦੁਆਰਾ ਵਰਤਮਾਨ ਪਰਬੰਧ ਨੂੰ ਸੁਧਾਰਨ ਦੀ ਲੋੜ ਹੈ, ਉਹ ਹੈ "ਪੰਚ-ਪਰਧਾਨੀ ਕੌਂਸਲ" ਦਾ।

ਅਸਲੀ ਵਿਉਂਤ ਅਨੁਸਾਰ ਸੰਸਾਰ ਵਿਚ ਧਰਮ ਦਾ ਪਰਕਾਸ਼ ਅਤੇ ਪਰਸਾਰ ਕਰਨ ਲਈ ਦਸ ਗੁਰੂ ਜਾਮੇ ਹੋਏ। ਇਸ ਤੋਂ ਉਪਰੰਤ ਸ਼ਖਸੀ ਗੁਰਤਾ ਦਾ ਸਿਲਸਿਲਾ ਬੰਦ ਹੋ ਗਿਆ ਅਤੇ ਸ਼ਬਦ-ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੀ ਤਾਬਿਆ, ਅੰਤਰ-ਆਤਮੇ ਵਿਗਸੇ ਹੋਏ ਪੰਜ ਸਿੰਘਾਂ ਨੂੰ ਗੁਰੂ ਦਾ ਕਰਤੱਵ ਸੰਭਾਲ ਕੇ ਆਤਮਿਕ ਜਾਗ ਲਾਉਣ ਦਾ ਅਧਿਕਾਰ ਦਿਤਾ ਗਿਆ। ਇਹ ਸਭ ਕੁਝ ਅਜ਼ਲੀ ਵਿਉਂਤ ਅਨੁਸਾਰ ਵਾਪਰਿਆ। ਇਹ ਪ੍ਰਥਾ ਕਿਸੇ ਸੀਮਤ ਸਮੇਂ ਲਈ ਨਹੀਂ ਸੀ ਚਲਾਈ ਗਈ ਸਗੋਂ ਜੁਗੋ ਜੁਗ ਇਹੋ ਹੀ ਚਲਣੀ ਅਤੇ ਚਲਦੀ ਰਹਿਣੀ ਹੈ।

"ਗੁਰੂ" ਸਿਖ ਦੇ ਜੀਵਨ ਦਾ ਧੁਰਾ ਹੈ। ਜੀਵਨ ਦੇ ਹਰ ਪੱਖ ਵਿਚ, ਭਾਵੇਂ ਉਹ ਧਾਰਮਿਕ ਹੈ ਜਾਂ ਸਸਾਰਕ, ਰਾਜਨੀਤਕ ਹੈ ਜਾਂ ਸਮਾਜਿਕ, ਗੁਰੂ ਨੇ ਸਿਖ ਦੀ ਅਗਵਾਈ ਕਰਨੀ ਹੈ। ਇਸ ਅਗਵਾਈ ਲਈ ਗੁਰੂ ਦੇ ਦੋ ਪੱਖ ਹਨ : ਜੋਤਿ ਅਤੇ ਜੁਗਤਿ।

ਗੁਰੂ ਦੀ ਜੋਤਿ ਆਦਿ ਕਾਲ ਤੋਂ ਨਿਰੰਤਰਿ ਤੇ ਇਕ-ਰਸ ਕੰਮ ਕਰ ਰਹੀ ਹੈ। ਇਹ ਜੋਤਿ ਸ਼ਬਦ ਵਿਚ ਵਿਦਮਾਨ ਰਹੀ ਅਤੇ ਹੁਣ ਹੈ। ਸ਼ਬਦ ਦੇ ਅਭਿਆਸ ਦੁਆਰਾ ਅਜ ਵੀ ਜਗਿਆਸੂ ਆਤਮਕ ਹੁਲਾਰੇ ਉਸੇ ਤਰ੍ਹਾਂ ਮਾਣਦੇ ਹਨ, ਜਿਵੇਂ ਸਿਖ ਪੁਰਾਤਨ ਕਾਲ ਵਿਚ ਮਾਣਦੇ ਸਨ।

ਜਿਥੋਂ ਤਕ ਜੁਗਤਿ ਪੱਖ ਦਾ ਸਬੰਧ ਹੈ, ਇਹ ਪੰਥਕ ਪੱਖ ਹੈ ਅਤ ਗੁਰੂ ਦੀ ਸ਼ਖਸੀ ਹੋਂਦ, ਅਤੇ ਸ਼ਖ਼ਸੀ ਹੋਂਦ ਦੁਆਰਾ ਕੀਤੇ ਕਰਤਵ ਨੂੰ ਰੂਪਮਾਨ ਕਰਦਾ ਹੈ। ਗੁਰੂ ਦੇ ਸ਼ਖ਼ਸੀ ਕਰਤਵ ਦੇ ਅਧਿਕਾਰੀ ਬੀਜਰੂਪ ਵਿਚ ਜੋਤਿ-ਜਗੰਨੇ ਪੰਚ ਪਰਧਾਨ ਜਨ ਹਨ ਅਤੇ ਸਮੁੱਚੇ ਰੂਪ ਵਿਚ ਅਜਿਹੇ ਪੰਚਾਂ ਦਾ ਪੁੰਜ, ਖਾਲਸਾ ਪੰਥ ਹੈ। ਗੁਰਮਤਿ ਵਿਚ ਪੰਚ-ਪਰਧਾਨੀ ਧਰੁੱਵਾ ਸਿੱਖੀ ਦੇ ਅਰੰਭ ਕਾਲ ਤੋਂ ਬਧਾ ਗਿਆ। ਪਹਿਲੇ ਜਾਮੇ ਵਿਚ ਹੀ ਸਤਿਗੁਰਾਂ ਨੇ "ਪੰਚ ਪਰਵਾਣ ਪੰਚ ਪਰਧਾਨ" ਦਾ ਨਾਹਰਾ ਲਾਇਆ, ਜਿਸ ਦੀ ਵਿਆਖਿਆ ਭਾਈ ਗੁਰਦਾਸ ਜੀ ਨੇ "ਇਕੁ ਸਿਖੁ ਦੁਇ ਸਾਧ ਸੰਗੁ ਪੰਜੀ ਪਰਮੇਸਰੁ" ਦੁਆਰਾ ਕੀਤੀ। ਦਸਵੇਂ ਜਾਮੇ ਵਿਚ ਇਸ ਸਿਧਾਂਤ ਨੂੰ ਪੂਰਨਤਾ ਬਖ਼ਸ਼ ਕੇ ਜੁਗੋ ਜੁਗ ਅਟੱਲ ਕਰ ਦਿਤਾ।

ਪੰਜਾਂ ਨੂੰ ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਪਾਸੋਂ ਆਪ ਅੰਮ੍ਰਿਤ ਛਕਣਾ, ਪੰਜਾਂ ਦੇ ਹੁਕਮ ਅਧੀਨ ਚਮਕੌਰ ਦੀ ਗੜ੍ਹੀ ਛਡਣੀ, ਬਾਬਾ ਬੰਦਾ ਸਿੰਘ ਜੀ ਨੂੰ ਜਥੇਦਾਰ ਥਾਪ ਕੇ ਪੰਜਾਂ ਦੀ ਅਗਵਾਈ ਵਿਚ ਵਿਚਰਨ ਦੀ ਹਦਾਇਤ ਕਰਨੀ, ਇਹ ਘਟਨਾਵਾਂ ਪੰਚ-ਪਰਧਾਨੀ ਪ੍ਰਥਾ ਦੀ ਮਹੱਤਤਾ ਨੂੰ ਦਰਸਾਉਂਦੀਆਂ ਤੇ ਦ੍ਰਿੜ੍ਹਾਉਂਦੀਆਂ ਹਨ।



www.AKJ.Org

ਪੰਚ-ਪਰਧਾਨੀ ਸਿਧਾਂਤ ਅਟੱਲ ਹੈ, ਕਿਉਂਕਿ ਇਹ ਸਿੱਖੀ ਦੇ ਵਿਕਾਸ ਦਾ ਮੁਢ-ਮੂਲ ਹੈ। ਇਹ ਸਿੱਖੀ ਪਰਚਾਰ ਤੇ ਪਰਸਾਰ ਦੀ ਟਕਸਾਲ ਹੈ। ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਰਤਮਾਨ ਜੁਗ ਵਿਚ ਪੰਥ ਦੇ ਕਈ ਖੇਤਰਾਂ ਵਿਚ ਇਕ-ਪਰਧਾਨੀ ਅਸੂਲ ਕੰਮ ਕਰ ਰਿਹਾ ਹੈ ਅਤੇ ਪੰਚ-ਪਰਧਾਨੀ ਸਿਧਾਂਤ ਕਮਜ਼ੋਰ ਹੋ ਗਿਆ ਹੈ। ਇਸ ਦੇ ਫਲ-ਸਰੂਪ ਪੰਥ ਨੂੰ ਬੜੀ ਹਾਨੀ ਹੋਈ ਹੈ। ਪਰਧਾਨ ਭਾਵੇਂ ਕੋਈ ਚੰਗਾ ਭੀ ਹੋਵੇ, ਪਰ ਉਸ ਦੇ ਚਾਪਲੂਸ ਤੇ ਚਲਾਕ ਕਰਿੰਦੇ ਅਤੇ ਮੂੰਹ-ਜ਼ੋਰ ਮੈਂਬਰ, ਜੋ ਉਸ ਦੀ ਪ੍ਰਧਾਨਤਾ ਕਾਇਮ ਕਰਨ ਵਿਚ ਹੱਥ-ਠੋਕੇ ਹੁੰਦੇ ਹਨ, ਉਸ ਦੀ ਚਲਣ ਨਹੀਂ ਦਿੰਦੇ।

ਗੁਰਦੁਆਰਿਆਂ ਵਿਚ ਧਰਮ ਪਰਚਾਰ ਨਾਲ ਸਬੰਧਤ ਅਧਿਕਾਰੀ, ਹੈਡ ਗ੍ਰੰਥੀ ਤੇ ਤਖ਼ਤਾਂ ਦੇ ਜੱਥੇਦਾਰ ਅਤੇ ਬਾਕੀ ਅਮਲੇ ਉਤੇ ਪ੍ਰਬੰਧਕੀ-ਅਮਲਾ ਹਾਵੀ ਹੈ, ਜਿਸ ਦੇ ਫਲ-ਸਰੂਪ ਧਾਰਮਿਕ ਪੱਖ ਕਮਜ਼ੋਰ ਤੇ ਸਾਹਸਹੀਣ ਹੋਇਆ ਪਿਆ ਹੈ। ਸਿਖ ਮਿਸ਼ਨ ਦੀ ਅਣਹੋਂਦ ਭਾਵੇਂ ਨਹੀਂ, ਪਰ ਐਵੇਂ ਨਾਮ ਮਾਤਰ ਹੀ ਹੈ। ਕਈ ਗੱਲਾਂ ਧਾਰਮਿਕ ਪੱਖੋਂ ਉਲਝੀਆਂ ਪਈਆਂ ਹਨ, ਜਿਨ੍ਹਾਂ ਨੂੰ ਸੁਲਝਾਉਣ ਦਾ ਧਾਰਮਿਕ ਪੱਖ ਦੇ ਅਧਿਕਾਰੀਆਂ ਵਿਚ ਸਾਹਸ ਨਹੀਂ ਤੇ ਪ੍ਰਬੰਧਕੀ ਅਮਲੇ ਦਾ ਨਾ ਇਸ ਪਾਸੇ ਧਿਆਨ ਹੈ ਤੇ ਨਾ ਹੀ ਇਸ ਲਈ ਵਿਹਲ ਹੈ। ਦੂਜੇ ਪਾਸੇ ਕਈ ਡਿੰਭੀ ਗੁਰੂ ਉਗਮੇ ਹੋਏ ਹਨ ਭੋਲੀ ਭਾਲੀ ਸਿਖ ਜਨਤਾ ਨੂੰ ਗੁਮਰਾਹ ਕਰਨ ਲਈ।

ਸੋ ਕੌਮ ਦੀ ਅਗਵਾਈ ਕਰਨ ਲਈ, ਹਰ ਪੱਖ ਵਿਚ ਸੇਧ ਦੇਣ ਲਈ, ਅੰਤਰ-ਆਤਮੇ ਵਿਗਸੇ ਹੋਏ ਸੁਜਾਨ ਸਿੰਘਾਂ ਦੀ ਪੰਚ-ਪਰਧਾਨੀ ਕੌਂਸਲ ਨੂੰ ਪ੍ਰਮਾਣਿਕਤਾ ਦੇਣ ਦੀ ਅਤਿਅੰਤ ਲੋੜ ਹੈ, ਤਾਂ ਜੁ ਪੰਥ ਨੂੰ ਜਿਹੜੀ ਅੰਦਰੋਂ ਬਾਹਰੋਂ ਢਾਹ ਲਗੀ ਹੋਈ ਹੈ, ਉਸ ਨੂੰ ਠਲ੍ਹ ਪਵੇ। ਗੁਰਦਵਾਰਿਆਂ ਦੇ ਪਰਬੰਧ ਵਿਚ ਤਾਂ ਹੀ ਸੁਧਾਰ ਹੋ ਸਕਦਾ ਹੈ।

# ਪ੍ਰੁੱਛਾਂ ਦੇ ਉਤਰ

## 1. ਲਛਣ (*ਪਰਿਭਾਸ਼ਾਵਾਂ*)

(i) (ੳ) "ਸਿਖ" ਤੋਂ ਭਾਵ ਉਹ ਵਿਅਕਤੀ (ਪੁਰਸ਼ ਅਥਵਾ ਇਸਤ੍ਰੀ) ਹੈ ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਅੰਮ੍ਰਿਤਧਾਰੀ ਪੰਜਾਂ ਪਿਆਰਿਆਂ ਤੋਂ ਗੁਰਦੀਖਿਆ ਪ੍ਰਾਪਤ ਕੀਤੀ ਹੋਵੇ ਅਤੇ ਫਿਰ ਪਤਿਤ ਨਾ ਹੋਇਆ ਹੋਵੇ। ਸ਼ਰਾਬ, ਭੰਗ, ਪੋਸਤ, ਅਫ਼ੀਮ ਆਦਿ ਨਸ਼ੇ, ਅਤੇ ਨਸ਼ੇ ਦੀਆਂ ਨਵੀਨ ਕਾਢਾਂ (ਕੈਪਸੂਲ, ਗੋਲੀਆਂ, ਪਾਊਡਰ) ਦੀ ਵਰਤੋਂ ਨਾ ਕਰਦਾ ਹੋਵੇ।

(ਅ) "ਸਹਿਜਧਾਰੀ ਸਿਖ" ਤੋਂ ਭਾਵ ਉਹ ਵਿਅਕਤੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਗੈਰ ਕਿਸੇ ਹੋਰ ਨੂੰ ਗੁਰੂ ਨਾ ਮੰਨਦਾ ਹੋਵੇ, ਜੋ ਕਿਸੇ ਸਿਖ ਖ਼ਾਨਦਾਨ ਤੋਂ ਪਤਿਤ ਹੋਇਆ ਵਿਆ ਨਾ ਹੋਵੇ ਅਤੇ ਸਾਰੇ ਰਸਮ ਰਿਵਾਜ ਸਿਖੀ ਮਰਯਾਦਾ ਅਨੁਸਾਰ ਕਰਦਾ ਹੋਵੇ।

(ੲ) "ਪਤਿਤ" ਤੋਂ ਭਾਵ ਉਹ ਵਿਅਕਤੀ ਹੈ ਜੋ (1) ਕੇਸਾਧਾਰੀ ਹੁੰਦਾ ਹੋਇਆ ਸਰੀਰ ਦੇ ਕਿਸੇ ਵੀ ਹਿੱਸੇ ਦੇ ਕੇਸ ਕਤਰਦਾ ਜਾਂ ਮੁਨਾਂਦਾ ਹੈ, (2) ਅਤੇ ਜਿਸ ਨੇ ਖੰਡੇ ਦਾ ਅੰਮ੍ਰਿਤ ਛਕ ਕੇ ਚਹੁੰ ਕੁਰਹਿਤਾਂ ਵਿਚੋਂ ਕੋਈ ਇਕ ਵੀ ਕੁਰਹਿਤ ਕੀਤੀ ਹੋਈ ਹੋਵੇ।

(ii) (ੳ) 'ਸਿਖ ਗੁਰਦਵਾਰਾ"—ਹਰੇਕ ਉਹ ਸਾਂਝਾ (ਪਬਲਿਕ) ਅਸਥਾਨ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਵਾਰਾ ਸਦਾ ਹੀ ਰਹਿੰਦਾ ਹੋਵੇ, ਉਹ ਸਿਖ ਗੁਰਦਵਾਰਾ ਅਥਵਾ ਸ੍ਰੀ ਗੁਰੂ ਸਿੰਘ ਸਭਾ ਹੈ।

(ਅ) ਕੋਈ ਗੁਰਦਵਾਰਾ ਕਿਸੇ ਜਾਤੀ ਜਾਂ ਸੰਪਰਦਾ ਆਦਿ ਦੇ ਨਾਮ ਨਾਲ ਸਬੰਧਤ ਨਹੀਂ ਕੀਤਾ ਜਾਣਾ ਚਾਹੀਦਾ।

(ੲ) ਸੰਗਤ ਦੇ ਪੈਸੇ ਨਾਲ ਉਸਾਰੇ ਸਾਰੇ ਗੁਰਦਵਾਰੇ ਜੋ ਕਿਸੇ ਇਕੱਲੇ ਵਿਅਕਤੀ ਜਾਂ ਸੰਪਰਦਾ ਦੇ ਪਰਬੰਧ ਹੇਠ ਹਨ, ਕਿਸੇ ਨਾ ਕਿਸੇ ਰੂਪ ਵਿਚ


www.AKJ.Org

'ਸਿਖ ਗੁਰਦਵਾਰੇ' ਦੇ ਵਰਗ ਵਿਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

ਨਾਨਕਸਰ ਜਗਰਾਉਂ, ਕਰਮਸਰ ਰਾੜਾ, ਚੀਮਾ, ਮਸਤੂਆਣਾ, ਹੇਰੂ ਸਾਹਿਬ, ਰਾਮਪੁਰ, ਅਤਰਸਰ, ਕੁਮਾਰ ਹੱਟੀ, ਰਾਮਪੁਰ ਖੇੜਾ, ਗੁਰਦਰਸ਼ਨ ਪ੍ਰਕਾਸ਼ ਮਹਿਤਾ, ਭਿੰਡਰਾਂ, ਮਿੱਠਾ ਟਿਵਾਣਾ, ਹੁਸ਼ਿਆਰਪੁਰ, ਜੋਹਲ, ਲੋਪੋਂ, ਨਿਰਗੁਣਿਆਰਾ ਸਤਸੰਗ ਬਾਲਕ ਮੰਡਲ ਸਪਰੂਨ, ਸੰਤਪੁਰਾ ਯਮਨਾਨਗਰ, ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਸ਼ਾਹਪੁਰ ਆਦਿ।

## II. ਗੁਰਦਵਾਰਿਆਂ ਦਾ ਪਰਬੰਧ

(ੳ) ਪੰਜਾਂ ਤਖ਼ਤਾਂ ਦੇ ਅਧਾਰ ਤੇ ਪੰਜ ਜ਼ੋਨ ਬਣਾਏ ਜਾਣ। ਇਨ੍ਹਾਂ ਜ਼ੋਨਾਂ ਦੇ ਘੇਰੇ ਵਿਚ ਆਉਂਦੇ ਗੁਰਦਵਾਰੇ ਉਨ੍ਹਾਂ ਦੇ ਪਰਬੰਧ-ਖੇਤਰ ਵਿਚ ਹੋਣ। ਹਰੇਕ ਜ਼ੋਨ ਦਾ ਵਖਰਾ ਵਖਰਾ "ਜ਼ੋਨਲ ਬੋਰਡ" ਹੋਵੇ। ਸਾਰੇ ਜ਼ੋਨਲ ਬੋਰਡਾਂ ਦੇ ਕੰਮ ਦੀ ਨਿਗਰਾਨੀ ਲਈ ਅਤੇ ਉਨ੍ਹਾਂ ਨੂੰ ਹਰ ਪੱਖ ਵਿਚ ਅਗਵਾਈ ਦੇਣ ਲਈ ਇਕ "ਪੰਚ-ਪਰਧਾਨੀ ਕੌਂਸਲ" ਹੋਵੇ। ਇਸ ਕੌਂਸਲ ਦਾ ਹੈਡ ਕੁਆਟਰ ਸ੍ਰੀ ਅੰਮ੍ਰਿਤਸਰ ਹੋਵੇ।

(ਅ) (i) ਪੰਚ ਪਰਧਾਨੀ ਕੌਂਸਲ- ਸੰਗਤਾਂ ਵਿਚੋਂ ਚੁਣੇ (Selected) ਪੰਜਾਂ ਤਖ਼ਤਾਂ ਦੇ ਪੰਜ ਜੱਥੇਦਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜਾਂ ਪਿਆਰਿਆਂ ਦੇ ਰੂਪ ਵਿਚ ਸਾਰੇ ਅਧਿਕਾਰ ਹੋਣ। ਪੰਚ ਪਰਧਾਨੀ ਕੌਂਸਲ ਦੇ ਸਾਰੇ ਫੈਸਲੇ ਸਰਬ-ਸੰਮਤੀ ਦੇ ਹੋਣਗੇ ਅਤੇ ਅੰਤਮ ਹੋਣਗੇ। ਇਹ ਸਾਰੇ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕੀਤੇ ਜਾਣਗੇ।

(ii) ਕੇਂਦਰੀ ਬੋਰਡ—ਵਿਉਂਤ-ਬੰਦੀ ਤੇ ਜਨਰਲ ਕੰਟਰੋਲ।

(iii) ਜ਼ੋਨਲ ਬੋਰਡ—ਗੁਰਦਵਾਰਿਆਂ ਦਾ ਪਰਬੰਧ ਤੇ ਲੋਕਲ ਕਮੇਟੀ ਦੇ ਕੰਮ ਦੀ ਨਿਗਰਾਨੀ।

(ੲ) ਕੇਂਦਰੀ ਬੋਰਡ ਦੇ ਸਿਧੇ ਪਰਬੰਧ ਹੇਠ ਕੋਈ ਗੁਰਦਵਾਰਾ ਨਹੀਂ ਹੋਣਾ ਚਾਹੀਦਾ। ਭਾਰਤੀ ਅਹਿਮੀਅਤ ਤੇ ਇਤਿਹਾਸਕ ਗੁਰਦਵਾਰਿਆਂ ਦਾ ਪਰਬੰਧ ਜ਼ੋਨਲ ਬੋਰਡਾਂ ਰਾਹੀਂ ਕੀਤਾ ਜਾਵੇ

## III. ਸਮੱਸਿਆਵਾਂ (ਝਗੜਿਆਂ ਦਾ ਨਿਪਟਾਰਾ)

## IV. ਗੁਰਦਵਾਰਿਆਂ ਦੇ ਪਰਬੰਧ ਲਈ ਵਖੋ ਵਖਰੇ ਬੋਰਡ ਕਾਇਮ ਕਰਨ ਲਈ ਤਰੀਕੇ–

(ੳ) ਜ਼ੋਨਲ ਬੋਰਡ ਦੀ ਮੈਂਬਰੀ ਲਈ ਨਾਮ ਵਿਅਕਤੀਆਂ ਵਲੋਂ ਆਪ ਨਾ ਪੇਸ਼ ਕੀਤੇ ਜਾਣ, ਸਗੋਂ ਸਿਖ ਗੁਰਦੁਆਰਿਆਂ ਅਥਵਾ ਸਿੰਘ ਸਭਾਵਾਂ ਵਲੋਂ ਸੁਝਾਏ ਨਾਵਾਂ ਵਿਚੋਂ ਯੋਗ ਨਾਵਾਂ ਦੀ ਸਿਲੈਕਸ਼ਨ ਕੀਤੀ ਜਾਵੇ। ਜ਼ੋਨਲ ਬੋਰਡ ਦੇ 10 ਫ਼ੀ ਸਦੀ ਮੈਂਬਰ ਯੋਗਤਾ ਦੇ ਅਧਾਰ ਤੇ ਕੇਂਦਰੀ ਬੋਰਡ ਵਲੋਂ ਨਾਮਜ਼ਦ ਕੀਤੇ ਜਾਣੇ ਚਾਹੀਦੇ ਹਨ, ਜਿਨ੍ਹਾਂ ਬਾਰੇ ਪੰਚ ਪਰਧਾਨੀ ਕੌਂਸਲ ਦੀ ਪਰਵਾਨਗੀ ਲੈਣੀ ਉਚਿਤ ਹੈ।

(ਅ) ਸੰਮਤੀ ਹੈ।

ਪ੍ਰਤੀਨਿਧ ਗੁਰਦਵਾਰਿਆਂ ਦੀ ਗਿਣਤੀ ਦੇ ਅਧਾਰ ਤੇ ਲਏ ਜਾਣੇ ਚਾਹੀਦੇ ਹਨ।

(ੲ) ਸਿਖ ਧਰਮ ਵਿਚ ਜਾਤੀ ਨਸਲ ਆਦਿ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ। ਸਾਰਿਆਂ ਨੂੰ ਬਰਾਬਰ ਹੱਕ ਹਾਸਲ ਹਨ। ਪਰ ਜੇਕਰ ਪਛੜੀਆਂ ਜਾਤੀਆਂ ਜਾਂ ਇਸਤ੍ਰੀ ਜਾਤੀ ਨੂੰ ਸਿਧੀਆਂ ਚੋਣਾਂ ਵਿਚ ਯੋਗ ਪ੍ਰਤੀਨਿਧਤਾ ਨਾ ਆਈ ਹੋਵੇ ਤਾਂ ਇਨ੍ਹਾਂ ਸ਼੍ਰੇਣੀਆਂ ਵਿਚੋਂ ਯੋਗ ਮੈਂਬਰ ਨਾਮਜ਼ਦ ਕਰ ਲੈਣੇ ਚਾਹੀਦੇ ਹਨ।

(ਸ) ਲੋਕਲ ਕਮੇਟੀਆਂ ਦੀ ਅਵੱਸ਼ ਜ਼ਰੂਰਤ ਹੈ, ਲੋਕਲ ਕਮੇਟੀਆਂ ਦੇ ਮੈਂਬਰਾਂ ਦੀ ਚੋਣ ਜ਼ੋਨਲ ਬੋਰਡਾਂ ਦੀ ਨਿਗਰਾਨੀ ਵਿਚ ਹੋਣੀ ਚਾਹੀਦੀ ਹੈ। ਦਸ ਫੀ ਸਦੀ ਯੋਗਤਾ ਦੇ ਅਧਾਰ ਤੇ ਜ਼ੋਨਲ ਬੋਰਡ ਵਲੋਂ ਨਾਮਜ਼ਦ ਕੀਤੇ ਜਾਣੇ ਚਾਹੀਦੇ ਹਨ, ਜਿਨ੍ਹਾਂ ਦੀ ਪਰਵਾਨਗੀ ਕੇਂਦਰੀ ਬੋਰਡ ਪਾਸੋਂ ਲਈ ਜਾਵੇ।


www.AKJ.Org

## V. ਕੰਟਰੋਲ (ਨਿਗਰਾਨੀ)

(1) (ੳ) ਲੋਕਲ ਕਮੇਟੀ ਦੇ ਕਿਸੇ ਅਯੋਗ ਮੈਂਬਰ ਨੂੰ ਮੈਂਬਰੀ ਤੋਂ ਹਟਾਏ ਜਾਣ ਦਾ ਹੱਕ ਜ਼ੋਨਲ ਬੋਰਡ ਨੂੰ ਅਤੇ ਜ਼ੋਨਲ ਬੋਰਡ ਦੇ ਅਯੋਗ ਮੈਂਬਰ ਨੂੰ ਹਟਾਏ ਜਾਣ ਦਾ ਹੱਕ ਕੇਂਦਰੀ ਬੋਰਡ ਨੂੰ ਹੋਣਾ ਚਾਹੀਦਾ ਹੈ।

(ਅ) ਲੋਕਲ ਕਮੇਟੀਆਂ ਦਾ ਬਜਟ ਜ਼ੋਨਲ ਬੋਰਡ ਕੋਲੋਂ ਪ੍ਰਵਾਨ ਹੋਣਾ ਚਾਹੀਦਾ ਹੈ ਅਤੇ ਜ਼ੋਨਲ ਬੋਰਡਾਂ ਦਾ ਕੇਂਦਰੀ ਬੋਰਡ ਕੋਲੋਂ।

2. ਕਿਸੇ ਲੋਕਲ ਕਮੇਟੀ ਦੇ ਇਕੱਲੇ ਦੁਕੱਲੇ ਅਯੋਗ ਮੈਂਬਰਾਂ ਨੂੰ ਹਟਾਏ ਜਾਣ ਦਾ ਅਧਿਕਾਰ ਜ਼ੋਨਲ ਬੋਰਡ ਨੂੰ ਹੋਵੇ,ਪਰ ਸਮੁੱਚੀ ਕਮੇਟੀ ਨੂੰ ਭੰਗ ਕਰਨ ਦਾ ਅਧਿਕਾਰ ਕੇਂਦਰੀ ਬੋਰਡ ਕੋਲ ਹੋਵੇ, ਅਤੇ ਉਸ ਦੀ ਪੰਚ-ਪਰਧਾਨੀ ਕੌਂਸਲ ਪਾਸੋਂ ਪਰਵਾਨਗੀ ਲਈ ਜਾਵੇ।

(3) ਜ਼ੋਨਲ ਬੋਰਡ ਦੇ ਇਕੱਲੇ ਦੁਕੱਲੇ ਮੈਂਬਰ ਨੂੰ ਮੈਂਬਰੀ ਤੋਂ ਹਟਾਉਣ ਦਾ ਅਧਿਕਾਰ ਕੇਂਦਰੀ ਬੋਰਡ ਨੂੰ ਹੋਵੇ ਪਰ ਸਮੁੱਚੇ ਜ਼ੋਨਲ ਬੋਰਡ ਨੂੰ ਭੰਗ ਕਰਨ ਦਾ ਅਧਿਕਾਰ ਪੰਚ-ਪਰਧਾਨੀ ਕੌਂਸਲ ਨੂੰ ਹੋਵੇ।

## VI ਯੋਗਤਾਵਾਂ--ਅਯੋਗਤਾਵਾਂ

(1) ਲੋਕਲ ਕਮੇਟੀਆਂ ਦੇ ਮੈਂਬਰਾਂ ਦੀ ਯੋਗਤਾਵਾਂ

(ੳ) ਸਿਖ ਦੀ ਪਰਿਭਾਸ਼ਾ ਤੇ ਪੂਰਾ ਉਤਰਦਾ ਹੋਵੇ।

(ਅ) ਨਿਤਨੇਮੀ ਹੋਵੇ।

(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰ ਸਕਦਾ ਹੋਵੇ।

ਨੋਟ :–(੧) ਜ਼ੋਨਲ ਬੋਰਡ ਅਤੇ ਕੇਂਦਰੀ ਬੋਰਡ ਦੇ ਮੈਂਬਰਾਂ ਲਈ ਉਪਰੋਕਤ ਯੋਗਤਾਵਾਂ ਤੋਂ ਇਲਾਵਾ ਕਰਮਵਾਰ ਮੈਟਰਿਕ ਤੇ ਗਰੇਜੂਏਟ ਹੋਣਾ ਜ਼ਰੂਰੀ ਹੋਵੇ। ਪਰ ਇਹ ਸ਼ਰਤ 50 ਸਾਲ ਤੋਂ ਵਡੇਰੀ ਆਯੂ ਵਾਲਿਆਂ ਤੇ ਲਾਗੂ ਨਾ ਹੋਵੇ। ਕਿਸੇ ਖ਼ਾਸ ਕੇਸ ਵਿਚ ਇਹ ਸ਼ਰਤ ਢਿਲੀ ਕੀਤੀ ਜਾ ਸਕਦੀ ਹੈ।

(੨) ਕੋਈ ਐਮ. ਪੀ. ਜਾਂ ਐਮ. ਐਲ. ਏ. ਗੁਰਦਵਾਰਾ ਪ੍ਰਬੰਧਕ ਕਮੇਟੀ ਜਾਂ ਬੋਰਡ ਦਾ ਮੈਂਬਰ ਨਾ ਬਣ ਸਕੇ।

(੩) ਜੇ ਕਿਸੇ ਮੈਂਬਰ ਦਾ ਧੀ-ਪੁੱਤ ਪਤਿਤ ਹੋ ਜਾਵੇ ਤਾਂ ਉਸ ਹਾਲਤ ਵਿਚ ਜਾਂ ਉਹ ਧੀ-ਪੁੱਤ ਤੋਂ ਸਬੰਧ ਤੋੜ ਲਵੇ ਜਾਂ ਪਰਬੰਧਕ ਸੰਸਥਾ ਤੋਂ ਵਖ ਹੋ ਜਾਵੇ।

ਪੰਚ ਪਰਧਾਨੀ ਕੌਂਸਲ ਦੇ ਮੈਂਬਰਾਂ ਦੀਆਂ ਯੋਗਤਾਵਾਂ

(ੳ) ਨਿਤਨੇਮ ਕੰਠਾਗਰ ਹੋਵੇ।

(ਅ) ਅਖੰਡਪਾਠੀ ਹੋਵੇ। ਗੁਰਬਾਣੀ ਅਤੇ ਸਿਖ ਇਤਿਹਾਸ ਦੀ ਸੂਝ ਬੂਝ ਰਖਦਾ ਹੋਵੇ।

(ੲ) ਅੰਮ੍ਰਿਤ ਵੇਲੇ ਤ੍ਰਿਪਹਿਰੇ ਜਾਗਣ ਵਾਲਾ ਹੋਵੇ।

(ਸ) ਆਪਣੇ ਨਿਤ ਦੇ ਸਮੇਂ ਵਿਚੋਂ ਘਟੋ ਘਟ ਦੋ ਘੰਟੇ ਪਰਚਾਰ ਜਾਂ ਖੋਜ ਲਈ ਜ਼ਰੂਰ ਦੇਵੇ।

ਅਹੁਦੇਦਾਰਾਂ ਦੀਆਂ ਯੋਗਤਾਵਾਂ—

(ੳ) ਅੰਮ੍ਰਿਤਧਾਰੀ ਤੇ ਨਿਤਨੇਮੀ ਹੋਵੇ।

(ਅ) ਦਾੜ੍ਹਾ ਪ੍ਰਕਾਸ਼ ਰਖਦਾ ਹੋਵੇ।

(ੲ) ਸ਼ਰਾਬ, ਅਫ਼ੀਮ, ਭੰਗ, ਪੋਸਤ ਆਦਿ ਨਸ਼ੇ ਅਤੇ ਹੋਰ ਨਸ਼ੀਲੀਆਂ ਵਸਤੂਆਂ ਦੀ ਵਰਤੋਂ ਨਾ ਕਰਦਾ ਹੋਵੇ।

## VII ਪੰਜਾਬ ਐਕਟ ਵਿਚ ਖ਼ਾਮੀਆਂ

(1) ਵਰਤਮਾਨ ਪੰਜਾਬ ਐਕਟ ਪਰਬੰਧ-ਮੁਖੀ ਹੈ, ਧਰਮ-ਮੁਖੀ ਨਹੀਂ। ਪਰਬੰਧਕ ਅਧਿਕਾਰੀ ਨੂੰ ਧਾਰਮਕ ਪੱਖ ਦੇ ਵੱਡੇ ਤੋਂ ਵੱਡੇ ਅਧਿਕਾਰੀ ਉਤੇ ਪ੍ਰਧਾਨਤਾ ਹਾਸਲ ਹੈ।

(2) 'ਸਿਖ' ਦੀ ਪਰਿਭਾਸ਼ਾ ਕਾਨੂੰਨ ਅਤੇ ਸਿਖ ਰਹਿਤ ਮਰਯਾਦਾ ਦੇ ਖਰੜੇ ਆਦਿ ਵਿਚ ਇਕੋ ਜਿਹੀ ਹੋਣੀ ਚਾਹੀਦੀ ਹੈ। ਗੁਰ-ਦੀਖਿਆ ਪ੍ਰਾਪਤੀ 'ਸਿਖ' ਹੋਣ ਦੀ ਪਰਖ-ਵੱਟੀ ਹੈ।

(3) ਜ਼ਿਆਦਾ ਆਮਦਨ ਵਾਲੇ ਗੁਰਦਵਾਰੇ ਸ੍ਰੋ: ਗੁ: ਕਮੇਟੀ ਨੇ ਆਪਣੇ ਸਿਧੇ ਪਰਬੰਧ ਹੇਠ ਕੀਤੇ ਹੋਏ ਹਨ। ਕੇਂਦਰੀ ਕਮੇਟੀ ਤੇ ਕਿਸੇ ਦਾ ਕੁੰਡਾ ਨਹੀਂ, ਜਿਸ ਕਰਕੇ ਆਮਦਨੀ ਦੀ ਯੋਗ ਅਯੋਗ ਵਰਤੋਂ ਦੀ ਕੋਈ ਪੁਛ-ਪਰਤੀਤ ਨਹੀਂ।

(4) ਪਰਬੰਧਕ ਅਮਲੇ ਉਤੇ ਧਾਰਮਿਕ ਸੰਸਥਾ ਦਾ



www.AKJ.Org

ਕੰਟਰੋਲ ਹੋਣਾ ਜ਼ਰੂਰੀ ਹੈ।

(5) ਹਰ ਪੰਜ ਸਾਲ ਮਗਰੋਂ ਇਕ ਦੂਜੇ ਤੇ ਗੰਦ ਉਛਾਲਿਆ ਜਾਂਦਾ ਹੈ ਅਤੇ ਗੁਰਦਵਾਰਿਆਂ ਵਿਚ ਇਹ ਕੁਝ ਕੀਤਾ ਜਾਂਦਾ ਹੈ।

## VIII ਧਾਰਮਿਕ ਰਹੁਰੀਤੀਆਂ

(ੳ) ਹਾਂ ਜੀ, ਇਕਸਾਰਤਾ ਹੋਣੀ ਜ਼ਰੂਰੀ ਹੈ।

(ਅ) ਘਟੋ ਘਟ ਜ਼ਰੂਰੀ ਮਰਯਾਦਾ– ੧. ਅੰਮ੍ਰਿਤ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼।

੨. ਆਸਾ ਦੀ ਵਾਰ ਦਾ ਕੀਰਤਨ।

੩. ਹੁਕਮਨਾਮੇ ਦੀ ਵੀਚਾਰ।

੪. ਸਥਾਨਿਕ ਸਥਿਤੀ ਅਨੁਸਾਰ ਦਿਨ ਵਿਚ ਨਾਮ ਬਾਣੀ ਦਾ ਪ੍ਰਵਾਹ।

੫. ਸ਼ਾਮ ਨੂੰ ਸੋਦਰ ਦੀ ਚੌਕੀ।

੬. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਾਸਣ ਨਾਲ ਸੋਹਿਲੇ ਦਾ ਪਾਠ ਤੇ ਸਮਾਪਤੀ।

(ੲ) ਮਨਾਹੀ ਕੀਤੇ ਜਾਣ ਯੋਗ–

੧. ਤਖ਼ਤ ਸਾਹਿਬਾਂ ਤੇ ਸ੍ਰੀ ਗੁਰੂ ਗ੍ਰੰਥ ਜੀ ਜੀ ਦੀ ਬਜਾਏ ਕੇਵਲ ਸ਼ਸਤਰਾਂ ਦੀ ਸਥਾਪਨਾ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼।

੩. ਗੁਰਦਵਾਰਾ ਸਾਹਿਬਾਨ ਵਿਖੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਤਿਗੁਰਾਂ ਅਤੇ ਸ਼ਹੀਦਾਂ ਦੀਆਂ ਮਨੋ-ਕਲਪਤ ਫ਼ੋਟੋ ਲਾਉਣੀਆਂ, ਜਾਂ ਹੋਰ ਸੰਤਾਂ ਮਹੰਤਾਂ ਦੀਆਂ ਫ਼ੋਟੋ ਲਾਉਣੀਆਂ।

੪. ਦੀਵੇ (ਜੋਤਾਂ) ਜਗਾ ਕੇ ਆਰਤੀ ਉਤਾਰਨੀ।

੫. ਸ਼ਹੀਦੀ ਦੇਗਾਂ ਦੇ ਨਾਮ ਹੇਠ ਭੰਗ ਦੇ ਭੋਗ ਲਾਣੇ ਲਵਾਣੇ।

੬. ਜੀਵਾਂ ਨੂੰ ਮਾਰ ਕੇ ਉਨ੍ਹਾਂ ਦੇ ਖ਼ੂਨ ਦੇ ਤਿਲਕ ਸ਼ਸਤਰਾਂ ਨੂੰ ਲਾਉਣੇ।

੭. ਪਾਠ ਰਖਾਣ ਵਾਲਿਆਂ ਦੀ ਗ਼ੈਰ-ਹਾਜ਼ਰੀ ਵਿਚ ਅਖੰਡਪਾਠ ਕਰਨੇ।

੮. ਅਖੰਡਪਾਠ ਦੇ ਪ੍ਰਵਾਹ ਵਿਚ ਹੀ ਕੀਰਤਨ ਵਖਿਆਨ ਕਰਨੇ।

੯. ਕਈ ਬੀੜਾਂ ਦਾ ਪ੍ਰਕਾਸ਼ ਕਰ ਕੇ ਅਖੰਡ-ਪਾਠਾਂ ਦੀ ਲੜੀ ਚਲਾਉਣੀ।

੧੦. ਸੰਪਟ ਪਾਠ ਕਰਨੇ।

੧੧. ਗੁਰਦਵਾਰਿਆਂ ਵਿਚ ਦੇਗ ਭੇਟ ਕਰਨ ਦਾ ਅਧਿਕਾਰ ਪਤਿਤ ਅਤੇ ਨੜੀਮਾਰ ਵਿਅ-ਕਤੀਆਂ ਨੂੰ ਦੇਣਾ।

(ਸ) ਸ੍ਰੀ ਹਰਿਮੰਦਰ ਸਾਹਿਬ ਦੀ ਪਰਚਲਤ ਮਰ-ਯਾਦਾ ਵਿਚ ਹੇਠ ਲਿਖੀਆਂ ਤਰੁੱਟੀਆਂ ਹਨ–

੧. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦਾ ਪ੍ਰਕਾਸ਼ ਕੀਰਤਨ-ਪ੍ਰੋਗਰਾਮ ਅਰੰਭ ਹੋਣ ਤੋਂ ਤਕ-ਰੀਬਨ ਸਵਾ ਦੋ ਘੰਟੇ ਮਗਰੋਂ ਹੁੰਦਾ ਹੈ।

੨. ਆਸਾ ਦੀ ਵਾਰ ਦੇ ਕੀਰਤਨ ਦੀ ਲੜੀ ਦੋ ਵਾਰ ਟੁਟਦੀ ਹੈ: ਪਹਿਲਾਂ ਗੁਰੂ ਮਹਾਰਾਜ ਦੀ ਸਵਾਰੀ ਆਉਣ ਤੇ, ਅਤੇ ਫਿਰ ਇਸ ਦੇ ਅੱਧਾ ਘੰਟਾ ਮਗਰੋਂ ਅਨੰਦ ਸਾਹਿਬ ਦੇ ਪਾਠ ਮਗਰੋਂ ਅਰਦਾਸ ਕੀਤੇ ਜਾਣ ਸਮੇਂ। ਆਸਾ ਦੀ ਵਾਰ ਦਾ ਕੀਰਤਨ ਬੰਦ ਕਰ ਕੇ, ਨਿਤ ਦੇਗ ਲਈ ਮਾਇਆ ਦੇ ਦਾਨੀਆਂ ਦੇ ਸੋਹਿਲੇ ਗਾਏ ਜਾਂਦੇ ਹਨ, ਪੰਜ ਮਿੰਟ ਤੋਂ ਵਧ। ਇਸ ਅਰਦਾਸ ਮਗਰੋਂ ਹੁਕਮਨਾਮਾ ਨਹੀਂ ਲਿਆ ਜਾਂਦਾ।

੩. ਅਰਦਾਸ ਮਗਰੋਂ "ਆਗਿਆ ਭਈ ਅਕਾਲ ਕੀ" ਵਾਲਾ ਦੋਹਿਰਾ ਨਹੀਂ ਪੜ੍ਹਿਆ ਜਾਂਦਾ। ਜੈਕਾਰਾ ਨਹੀਂ ਬੁਲਾਇਆ ਜਾਂਦਾ।

੪. ਉਪਰਲੀ ਮੰਜ਼ਲ ਵਿਚ ਇਕੋ ਸਥਾਨ ਵਿਚ ਤਿੰਨ ਸ੍ਰੀ ਅਖੰਡਪਾਠ ਚਾਲੂ ਹਨ ਅਤੇ ਪਾਠ ਦੇ ਨਾਲ ਹੀ ਕੀਰਤਨ ਕੀਤਾ ਜਾਂਦਾ ਹੈ।

੫. ਸ੍ਰੀ ਹਰਿਮੰਦਰ ਸਾਹਿਬ ਵਿਖੇ ਇਕ ਜੋਤ ਦਿਨੇ ਰਾਤ ਜਗਦੀ ਰਖੀ ਜਾਂਦੀ ਹੈ। ਨਾਮ-ਬਾਣੀ ਦੀ ਜੋਤਿ ਨੂੰ ਛਡ ਕੇ ਲੋਕੀਂ ਇਸ ਦੇ ਦੁਆਲੇ ਹੋਏ ਰਹਿੰਦੇ ਹਨ। ਇਹ ਭਰਾਂਤਰੀ ਦਾ ਕਾਰਨ ਬਣੀ ਹੋਈ ਹੈ।

(ਹ) ਸਾਰੇ ਗੁਰੂ ਮਹਾਰਾਜ ਜੀ ਦੇ ਜਨਮ, ਗੁਰ-ਗਦੀ ਅਤੇ ਜੋਤੀ ਜੋਤਿ ਸਮਾਉਣ ਦੇ ਗੁਰ-ਪੁਰਬ ਮਨਾਏ ਜਾਣ। ਘਟੋ ਘਟ ਪ੍ਰੋਗਰਾਮ ਇਹ ਹੋਵੇ ਕਿ ਕੀਰਤਨ ਅਤੇ ਸੰਬੰਧਤ ਇਤਿਹਾਸ ਮਗਰੋਂ ਅਰਦਾਸ ਕਰ ਕੇ ਦੇਗ ਵਰਤਾਈ ਜਾਏ। ਹੇਠ ਲਿਖੇ ਪ੍ਰੋਗਰਾਮ



www.AKJ.Org

ਵਿਸ਼ੇਸ਼ ਮਨਾਏ ਜਾਣ ਦੀ ਪ੍ਰਥਾ ਜਾਰੀ ਹੈ—

੧. ਜਨਮ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ।
੨. ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ
੩. ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।
੪. ਜਨਮ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ।
੫. ਪਹਿਲਾ ਪ੍ਰਕਾਸ਼ ਉਤਸ਼ਵ ਅਤੇ ਗੁਰ-ਗਦੀ ਨਸ਼ੀਨੀ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
੬. ਵਖ ਵਖ ਇਤਿਹਾਸਕ ਗੁਰਦਵਾਰਿਆਂ ਵਿਚ ਉਨ੍ਹਾਂ ਗੁਰੂ ਸਾਹਿਬਾਨ ਦੇ ਗੁਰਪੁਰਬ ਵਿਸ਼ੇਸ਼ ਤੌਰ ਤੇ ਮਨਾਏ ਜਾਂਦੇ ਹਨ ਜਿਨ੍ਹਾਂ ਦੇ ਪਾਵਨ ਨਾਮ ਨਾਲ ਉਹ ਅਸਥਾਨ ਸਬੰਧਤ ਹੁੰਦੇ ਹਨ।

IX (ੳ)

ਇਸ ਮੰਤਵ ਦੀ ਪੂਰਤੀ ਪੰਚ-ਪਰਧਾਨੀ ਕੌਂਸਲ ਦੁਆਰਾ ਹੋ ਸਕਦੀ ਹੈ, ਜਿਸ ਦਾ ਵਰਨਣ ਪਿਛੇ ਪੈਰਾ II (ਅ) ਵਿਚ ਆਇਆ ਹੈ।

ਪੰਚ-ਪਰਧਾਨੀ ਕੌਂਸਲ ਆਪਣੀ ਸਹੂਲਤ ਵਾਸਤੇ ਇਕ ਧਾਰਮਿਕ ਸਲਾਹਕਾਰ ਕਮੇਟੀ ਨੀਯਤ ਕਰ ਸਕਦੀ ਹੈ।

X

ਸੰਮਤੀ ਹੈ। ਲੋਕਲ ਕਮੇਟੀਆਂ ਦਾ ਬਜਟ ਜ਼ੋਨਲ ਬੋਰਡ ਅਤੇ ਜ਼ੋਨਲ ਬੋਰਡ ਦਾ ਬਜਟ ਕੇਂਦਰੀ ਬੋਰਡ ਕੋਲੋਂ ਪ੍ਰਵਾਨ ਹੋਣਾ ਚਾਹੀਦਾ ਹੈ।

(ੳ) ਕਿਸੇ ਨਿਸਚਿਤ ਸੀਮਾ (Say 20,000) ਤੋਂ ਵਧ ਖ਼ਰਚੇ ਵਾਲੀਆਂ ਸਕੀਮਾਂ ਦੀ ਟੈਕਨੀਕਲ ਪ੍ਰਵਾਨਗੀ ਜ਼ੋਨਲ ਬੋਰਡ ਨੂੰ ਕੇਂਦਰੀ ਬੋਰਡ ਕੋਲੋਂ ਲੈਣੀ ਵੀ ਉਚਿਤ ਹੋਵੇ।

XI

(ੳ) ਕੇਂਦਰੀ ਬੋਰਡ ਦੇ ਸਿਧੇ ਪਰਬੰਧ ਵਿਚ ਕੋਈ ਗੁਰਦਵਾਰਾ ਨਹੀਂ ਹੋਣਾ ਚਾਹੀਦਾ। ਵੈਸੇ ਉਚ ਧਾਰਮਕ ਅਸਾਮੀਆਂ 'ਗ੍ਰੰਥੀ' ਰਾਗੀ ਜਾਂ ਮੈਨੇਜਰਾਂ ਵਾਸਤੇ 'ਸਰਬ ਹਿੰਦ ਗੁਰਦਵਾਰਾ ਸਰਵਿਸ' ਕਾਇਮ ਕਰਨਾ ਇਨ੍ਹਾਂ ਸ਼੍ਰੇਣੀਆਂ ਅਤੇ ਸਮੁੱਚੇ ਧਾਰਮਕ ਪੱਖ ਦੇ ਹਿਤ ਵਿਚ ਹੈ ਤੇ ਲਾਭਕਾਰੀ ਹੋਵੇਗਾ। ਗ੍ਰੰਥੀਆਂ ਅਤੇ ਰਾਗੀਆਂ ਦੇ ਜ਼ਿਮੇ ਨਿਤ ਦੀ ਡਿਊਟੀ ਤੋਂ ਛੁਟ ਪਰਚਾਰ ਅਤੇ ਸਿਖਲਾਈ (ਪਾਠ ਅਤੇ ਕੀਰਤਨ) ਵੀ ਹੋਵੇ। ਯੋਗ ਗ੍ਰੰਥੀਆਂ ਅਤੇ ਰਾਗੀਆਂ ਦੀ ਉਪਜ ਲਈ ਉਚੇ ਪਧਰ ਤੇ ਪੰਥਕ ਟਕਸਾਲ ਕਾਇਮ ਕੀਤੇ ਜਾਣ ਦੀ ਵੀ ਲੋੜ ਹੈ ਜੀ।

(ਅ) ਗ੍ਰੰਥੀ ਅਤੇ ਰਾਗੀ ਪੰਥਕ ਟਕਸਾਲ ਤੋਂ ਸਨਦ-ਪ੍ਰਾਪਤ ਵਿਅਕਤੀ ਹੀ ਯੋਗਤਾ ਦੇ ਅਧਾਰ ਤੇ ਰਖੇ ਜਾਣ। ਨਿਯੁਕਤੀ ਦਾ ਅਧਿਕਾਰ ਪੰਚ-ਪਰਧਾਨੀ ਬੋਰਡ ਕੋਲ ਹੋਵੇ। ਦਫਤਰੀ ਕੈਡਰ ਦੇ ਅਧਿਕਾਰੀ ਮੈਨੇਜਰ ਆਦਿ ਕੇਂਦਰੀ ਬੋਰਡ ਦੁਆਰਾ ਭਰਤੀ ਕੀਤੇ ਜਾਣ।

(ੲ) ਸੰਮਤੀ ਹੈ।

XII

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਕਰੀ ਨਹੀਂ ਹੋਣੀ ਚਾਹੀਦੀ, ਪਰ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਬੀੜ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਉਸੇ ਨੂੰ ਹੀ ਦਿਤਾ ਜਾਵੇ ਜੋ ਹਜ਼ੂਰ ਨੂੰ ਗੁਰੂ ਕਰ ਕੇ ਮੰਨਦਾ ਹੈ ਅਤੇ ਇਸ ਭਾਵਨਾ ਅਧੀਨ ਮਰਯਾਦਾ ਅਨੁਸਾਰ ਸੇਵਾ ਕਰਨ ਦਾ ਪ੍ਰਣ ਕਰਦਾ ਹੈ। ਹੋਰ ਚਾਹਵਾਨ ਸੈਂਚੀਆਂ ਟੀਕੇ ਆਦਿ ਪ੍ਰਾਪਤ ਕਰ ਸਕਦੇ ਹਨ।

ਪ੍ਰਕਾਸ਼ਨਾ ਦਾ ਪਰਬੰਧ ਐਕਟ ਅਧੀਨ ਬਣਾਏ ਟ੍ਰਸਟ ਨੂੰ ਸੌਂਪੇ ਜਾਣਾ ਉਚਿਤ ਹੈ। ਟ੍ਰਸਟ ਦੇ ਮੈਂਬਰ ਨਾਮਜ਼ਦ ਕਰਨ ਦਾ ਅਧਿਕਾਰ ਪੰਚ ਪਰਧਾਨੀ ਕੌਂਸਲ ਨੂੰ ਹੋਵੇ। ਸ੍ਰ: ਗੁ: ਪ੍ਰ: ਕਮੇਟੀ ਦੀ ਵਰਤਮਾਨ ਛਾਪੇ ਦੀ ਬੀੜ ਵਿਚ ਛਾਪੇ ਦੀਆਂ ਬਹੁਤ ਗਲਤੀਆਂ ਹਨ। ਉਨ੍ਹਾਂ ਨੂੰ ਲਭ ਕੇ ਦਰੁਸਤ ਕਰਨ ਦੀ ਤੁਰਤ ਲੋੜ ਹੈ। ਇਸ ਕਾਰਜ ਲਈ ਪ੍ਰਮਾਣੀਕ ਹਥ-ਲਿਖਤੀ ਬੀੜਾਂ ਤੋਂ ਅਗਵਾਈ ਲਈ ਜਾਣੀ ਉਚਿਤ ਹੈ। ਇਸ ਕਾਰਜ ਲਈ ਪੰਥ ਦੇ ਸ਼ਰਧਾਲੂ ਵਿਦਵਾਨਾਂ ਤੇ ਅਧਾਰਤ ਇਕ ਉਚ-ਪਧਰੀ ਸਬ-ਕਮੇਟੀ ਨਿਯਤ ਕੀਤੇ ਜਾਣ ਦੀ ਤੁਰਤ ਲੋੜ ਹੈ।

ਨੋਟ :—ਜ਼ੋਨਲ ਹੈਡ ਕੁਆਟਰਾਂ ਉਤੇ ਦੇਸ਼ ਦੇ ਵਡੇ



www.AKJ.Org

ਵਡੇ ਸ਼ਹਿਰਾਂ ਵਿਚ ਵੰਡ-ਕੇਂਦਰ ਸਥਾਪਤ ਕੀਤੇ ਜਾਣੇ ਚਾਹੀਦੇ ਹਨ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਪ੍ਰਾਪਤ ਕਰਨ ਵਾਲੇ ਸਜਣਾਂ ਵਲੋਂ ਸੇਵਾ ਯੋਗ ਤਰੀਕੇ ਨਾਲ ਹੋ ਰਹੀ ਹੈ, ਇਕ "ਚੈਕਿੰਗ ਏਜੰਸੀ" ਦੀ ਵੀ ਲੋੜ ਹੈ। ਉਨ੍ਹਾਂ ਦੀ ਰੀਪੋਰਟ ਦੇ ਅਧਾਰ ਤੇ ਟ੍ਰਸਟ ਨੂੰ ਇਹ ਹੱਕ ਹੋਵੇ ਕਿ ਜਿਥੇ ਜਿਥੇ ਯੋਗ ਸੇਵਾ ਨਹੀਂ ਹੋ ਰਹੀ, ਓਥੋਂ ਬੀੜਾਂ ਵਾਪਸ ਲੈ ਲਈਆਂ ਜਾਣ। ਇਸ ਦੇ ਨਾਲ ਹੀ ਬੀੜਾਂ ਦੇ ਪਤਰਿਆਂ ਅਤੇ ਜਿਲਦਾਂ ਦੀ ਸੇਵਾ ਲਈ ਇਕ ਫਿਰਤੂ (Mobile) ਦਫ਼ਤਰੀ-ਖ਼ਾਨਾ ਵੈਨ ਦੇਸ਼ ਭਰ ਵਿਚ ਭੌਂਦੀ ਰਹਿਣੀ ਚਾਹੀਦੀ ਹੈ, ਤਾਂ ਜੁ ਬੀੜਾਂ ਦੀ ਸੇਵਾ ਸੰਭਾਲ ਹੁੰਦੀ ਰਹੇ ਤੇ ਲੋਕਾਂ ਵਿਚੋਂ ਇਹ ਪ੍ਰਥਾ ਘਟੇ ਕਿ ਜੇ ਬੀੜ ਇਕ-ਅਧ ਪੰਨਾ ਕਿਸੇ ਅਨਗਹਿਲੀ ਭਰੀ ਵਰਤੋਂ ਨਾਲ ਮਸਤਾਨਾ ਹੋਇਆ ਹੈ ਤਾਂ ਬੀੜ ਨੂੰ ਬਿਰਧ ਸਮਝ ਕੇ ਸ੍ਰੀ ਗੋਇੰਦਵਾਲ ਸਸਕਾਰ ਲਈ ਭੇਜ ਦਿਤਾ ਜਾਵੇ। ਬਿਰਧ ਬੀੜਾਂ ਦੇ ਸਸਕਾਰ ਲਈ ਵੀ ਵਖ ਵਖ ਥਾਵਾਂ ਤੇ ਕੇਂਦਰ ਸਥਾਪਤ ਕੀਤੇ ਜਾਣ ਦੀ ਲੋੜ ਹੈ।

ਲਿਖਤੀ ਬੀੜਾਂ ਇਕ ਥਾਂ ਤੇ ਕੇਂਦਰਤ ਕਰ ਕੇ ਉਨ੍ਹਾਂ ਦੀ ਯੋਗ ਸੇਵਾ ਸੰਭਾਲ ਕੀਤੇ ਜਾਣਾ ਬਹੁਤ ਮਹੱਤਵ-ਪੂਰਣ ਹੈ। ਇਨ੍ਹਾਂ ਬੀੜਾਂ ਦੀ ਸੇਵਾ ਸੰਭਾਲ ਦਾ ਵਰਤਮਾਨ ਪਰਬੰਧ ਬੜਾ ਨਾਕਸ ਹੈ।

XIII ਸੰਮਤੀ ਹੈ।

XIV

(ੳ) ਪਰਚਾਰ ਉਤੇ ਖ਼ਰਚ ਕਰਨ ਲਈ ਆਮਦਨ ਦਾ 50 ਫ਼ੀ ਸਦੀ ਰਾਖਵਾਂ ਰਖਣਾ ਚਾਹੀਦਾ ਹੈ। ਅਜ ਕਲ ਤਾਂ ਸਾਰਾ ਖ਼ਰਚਾ ਪਰਬੰਧਕੀ ਪੱਖ ਤੇ ਹੀ ਵਰਤਿਆ ਜਾ ਰਿਹਾ ਹੈ।

(ਅ) ਜ਼ੋਨਲ ਬੋਰਡ ਦੀ ਆਮਦਨ ਦਾ ਨਿਸਚਿਤ ਭਾਗ, ਜਿਸ ਦਾ ਨਿਰਭਰ ਆਮਦਨ ਦੀ ਨਿਸਬਤ ਤੇ ਹੋਵੇ।

(ਸ) ਹਾਂ ਜੀ! ਗੁਰਦਵਾਰਿਆਂ ਦੀ ਇਤਿਹਾਸਕ ਮਹੱਤਤਾ ਨੂੰ ਅਹਿਮੀਅਤ ਦਿਤੀ ਜਾਣੀ ਚਾਹੀਦੀ ਹੈ।

XV

ਵਖ ਵਖ ਪਰਬੰਧਾਂ ਹੇਠ ਸਿਖ ਸੰਸਥਾਵਾਂ ਨੂੰ ਇਕ ਲੜੀ ਵਿਚ ਪ੍ਰੋਣ ਲਈ ਇਹ ਅਤੀ ਜ਼ਰੂਰੀ ਹੈ। ਜਿਹੜੀਆਂ ਸੰਸਥਾਵਾਂ ਸਬੰਧਤ ਹੋਣਾ ਪਰਵਾਨ ਕਰ ਲੈਣ ਉਸ ਜ਼ੋਨ ਦੇ ਜ਼ੋਨਲ ਬੋਰਡ ਵਲੋਂ ਸਮੇਂ ਸਮੇਂ ਪ੍ਰਕਾਸ਼ਤ ਕੀਤਾ ਸਾਹਿਤ ਮੁਫ਼ਤ ਦਿਤਾ ਜਾਵੇ।

XVI ਸੰਮਤੀ ਹੈ ਜੀ।

ਅਖੰਡ ਕੀਰਤਨੀ ਜੱਥਾ
c/o 'ਸੂਰਾ' ਮਾਸਕ ਪੱਤਰ, ਮਾਈ ਸੇਵਾਂ, ਅੰਮ੍ਰਿਤਸਰ

# ਧੰਨ ਗੁਰਦੇਵ

[ਵਲੋਂ—ਸ: ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ]

ਪਹਿਲਾਂ ਰੱਬ ਸੱਚੇ ਵੱਡੀ ਮੇਹਰ ਕੀਤੀ, ਮਾਨਸ ਜਨਮ ਤੇ ਸੀਸ ਤੇ ਕੇਸ ਦਿਤੇ।
ਮਾਤਾ ਪਿਤਾ ਕੀਤੀ ਕਿਰਪਾ ਜਿਨ੍ਹਾਂ ਉਤੇ, ਸਿਖੀ ਧਰਮ ਦੇ ਸ਼ੁਭ ਉਪਦੇਸ਼ ਦਿਤੇ।
ਨਾਨਕ ਗੁਰ ਕੀਤੀ ਕੇਡੀ ਆਪ ਕਿਰਪਾ, ਨਾਮ ਦਾਨ ਦਿਤਾ, ਸਿਖੀ ਵੇਸ ਦਿਤੇ।
ਜੀਣਾ ਧਰਮ ਖ਼ਾਤਰ ਮਰਨਾ ਕੌਮ ਖ਼ਾਤਰ, ਦਸਾਂ ਗੁਰਾਂ ਦੇ ਸਦਾ ਉਪਦੇਸ਼ ਦਿਤੇ।
ਕੰਘਾ ਕੜਾ ਕਿਰਪਾਨ ਤੇ ਕਛ ਸੋਹਣੀ, ਬਾਜਾਂ ਵਾਲੜੇ ਗੁਰ ਦਸਮੇਸ਼ ਦਿਤੇ।
ਅੰਮ੍ਰਿਤ ਦਾਤ ਦੇ ਕੇ ਕੀਤਾ ਅਮੀਰ ਕੀਕੂੰ, ਭਰਮ ਵਹਿਮ ਦੇ ਕਟ ਕਲੇਸ਼ ਦਿਤੇ।
ਸਿਰ ਦਸਤਾਰ ਸਾਬਤ ਸੂਰਤ ਸੂਰਮੇ ਦੀ, ਜੰਮਣ ਮਰਨ ਦੇ ਕਟ ਕਲੇਸ਼ ਦਿਤੇ।
ਚੜ੍ਹਦੀ ਕਲਾ ਨਿਰਭੈ ਨਿਰਵੈਰ ਰਹਿਣਾ, ਇਕ ਵਾਰ ਨਹੀਂ ਸਗੋਂ ਹਮੇਸ਼ ਦਿਤੇ।
ਨਿਰਾ ਆਖ ਨਹੀਂ ਛਡਿਆ ਸੁਖ਼ਨ ਮੂੰਹੋਂ, ਪਾ ਪਾ ਪੂਰਨੇ ਸ਼ੁਭ ਉਦੇਸ਼ ਦਿਤੇ।
'ਕਿਰਤੀ' ਜਗ ਤੇ ਕਿਸੇ ਨਾ ਹੋਰ ਦਿਤਾ, ਜੋ ਜੋ ਸਿਖ ਨੂੰ ਗੁਰੂ ਦਸਮੇਸ਼ ਦਿਤੇ।

www.AKJ.Org

# ਸ਼ਰਨ ਸਮਾਈ

[ਵਲੋਂ:—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ, ਗੁੜਗਾਉਂ]

ਮਨੁੱਖ ਨੂੰ ਪੂਰਬਲੇ ਚੰਗੇ ਕਰਮਾਂ ਦੇ ਫਲ ਸਰੂਪ ਇਹ ਦੇਹੀ ਪ੍ਰਾਪਤ ਹੁੰਦੀ ਹੈ—

ਗੁਰ ਸੇਵਾ ਤੇ ਭਗਤਿ ਕਮਾਈ ॥
ਤਬ ਇਹ ਮਾਨਸ ਦੇਹੀ ਪਾਈ ॥

[ਭੈਰਉ ਕਬੀਰ ਜੀ, ਪੰਨਾ ੧੧੫੯

ਮਾਤ ਪਿਤਾ ਸੰਜੋਗਿ ਉਪਾਏ
ਰਕਤੁ ਬਿੰਦੁ ਮਿਲਿ ਪਿੰਡੁ ਕਰੇ ॥੧॥

[ਮਾਰੂ ਮ: ੧, ਪੰਨਾ ੧੦੧੩

ਮਾਤ-ਗਰਭ ਜਠਰਾਗਨਿ ਵਿਚ ਟਿਕਿਆ ਇਹ ਪੰਜ ਤਤ ਦਾ ਪੁਤਲਾ ਸੁਆਸ ਸੁਆਸ ਭਜਨ ਕਰਦਾ ਹੀ ਬਚਿਆ ਰਹਿੰਦਾ ਹੈ—

ਮਾਤ ਗਰਭ ਦੁਖ ਸਾਗਰੋ ਪਿਆਰੇ
ਤਹ ਅਪਣਾ ਨਾਮੁ ਜਪਾਇਆ ॥੧॥

[ਸੋਰਠਿ ਮ: ੫, ੬੪੦

ਸੰਸਾਰ ਅੰਦਰ ਜਨਮ ਲੈਂਦਿਆਂ ਹੀ ਵਾਹਿਗੁਰੂ ਅਕਾਲ ਪੁਰਖ ਵਿਸਰ ਜਾਂਦਾ ਹੈ ਤੇ ਇਸਨੂੰ ਮੋਹ-ਮਾਇਆ ਆਸ਼ਾ ਤ੍ਰਿਸ਼ਨਾ ਭੁਲਾ ਕੇ ਪ੍ਰਭੂ ਤੋਂ ਵੱਖ ਕਰ ਦੇਂਦੀਆਂ ਹਨ, ਅਰਥਾਤ ਪ੍ਰਭੂ ਨੂੰ ਭੁਲਾ ਕੇ ਉਸ ਰਾਹ ਤੇ ਟੁਰ ਪੈਂਦਾ ਹੈ ਜਿਸ ਵਿਚ ਦੁਖ ਹੀ ਦੁਖ ਹਨ ਤੇ ਇੰਜ ਇਹ ਆਪਣਾ ਸਾਰਾ ਜੀਵਨ ਹੀ ਦੁਖਾਂ ਵਿਚ ਗੁਜ਼ਾਰਦਾ ਹੈ। ਗੁਰਵਾਕ ਹੈ—

ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥ ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥੧॥ (੭)

[ਸਾਰੰਗ ਕੀ ਵਾਰ, ਸਲੋਕ ਮ: ੧, ਪੰਨਾ ੧੨੪੦

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੇ ਜਨਮ ਤੋਂ ਮਰਨ ਪ੍ਰਯੰਤ ਦੀ ਸੰਸਾਰੀ ਜੀਵਨ-ਦਸ਼ਾ ਨੂੰ ਸ਼ਬਦ ਰਾਹੀਂ ਦਰਸਾਇਆ ਹੈ :—

ਪਹਿਲੈ ਪਿਆਰਿ ਲਗਾ ਥਣ ਦੁਧਿ ॥
ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ ॥
ਚਉਥੈ ਪਿਆਰਿ ਉਪੰਨੀ ਖੇਡ ॥
ਪੰਜਵੈ ਖਾਣ ਪੀਅਣ ਕੀ ਧਾਤੁ ॥
ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥
ਅਠਵੈ ਕ੍ਰੋਧੁ ਹੋਆ ਤਨ ਨਾਸੁ ॥...
ਨਾਵੈ ਧਉਲੇ ਉਭੇ ਸਾਹ ॥
ਦਸਵੈ ਦਧਾ ਹੋਆ ਸੁਆਹ ॥੨॥(੧)

[ਮਾਝ ਕੀ ਵਾਰ, ਮ: ੧, ਪੰਨਾ ੧੩੭

ਜਗਤ-ਯਾਤਰਾ ਅੰਦਰ ਮੋਹ ਮਾਇਆ ਵਿਚ ਗ੍ਰਸਿਆ ਜੀਵ, ਪਾਪਾਂ ਵਿਚ ਲਗ ਕੇ ਹਿਰਦੇ ਰੂਪੀ ਨਿਰਮਲ ਤਖ਼ਤੀ (ਫਟੀ) ਉਤੇ ਕਾਲਖ ਪੋਤ ਦੇਂਦਾ ਹੈ, ਜੋ ਰੋਜ਼ ਦਿਹਾੜੀ ਮੰਦੇ ਕਰਮ ਕਰਦਿਆਂ ਵਧਦੀ ਹੋਈ ਤਹਿ ਤੇ ਤਹਿ ਜੰਮਦੀ ਜਾਂਦੀ ਹੈ। ਉਹ ਕਾਲਖ (ਮੈਲ) ਅਨੇਕਾਂ ਚੰਗੇ ਕਰਮ ਜਪ, ਤਪ, ਹਠ ਆਦਿ ਕਰਨ ਤੇ ਵੀ ਨਹੀਂ ਉਤਰਦੀ—

ਖੰਨਲੀ ਧੋਤੀ ਉਜਲੀ ਨ ਹੋਵਈ
ਜੇ ਸਉ ਧੋਵਣਿ ਪਾਹੁ ॥ ੧ ॥ (੨੨)

[ਸੋਰਠ ਕੀ ਵਾਰ, ਸਲੋਕੁ ਮ: ੩, ਪੰਨਾ ੬੫੧

ਪ੍ਰਭੂ ਨੂੰ ਭੁਲਾ ਕੇ ਇਹ ਹਾਲ ਹੁੰਦਾ ਹੈ—

ਪ੍ਰਭੂ ਭੁਲਾਏ ਊਝੜਿ ਪਾਏ
ਨਿਹਫਲ ਸਭਿ ਕਰਮਾਨ ॥ ੩ ॥ (੫ ॥ ੨)

[ਸਾਰੰਗ ਮ: ੫, ਪੰਨਾ ੧੨੦੩

ਮਾਤ ਗਰਭ ਵਿਚ ਤਾਂ ਜੀਵ, ਵਾਹਿਗੁਰੂ ਅਕਾਲ ਪੁਰਖ ਨਾਲ ਇਹ ਇਕਰਾਰ ਕਰਦਾ ਹੈ ਕਿ ਤੁਸੀਂ ਮੈਨੂੰ ਇਸ ਘੋਰ ਨਰਕ ਵਿਚੋਂ ਬਾਹਰ ਕਢੋ, ਮੈਂ ਆਪ ਦਾ ਨਾਮ ਜਪਦਾ ਰਵ੍ਹਾਂਗਾ, ਪਰ ਬਾਹਰ ਆ ਕੇ ਇਸ ਨੂੰ ਐਸੀ ਹਵਾ ਲਗਦੀ ਹੈ ਕਿ ਸਭ ਕੀਤੇ ਇਕਰਾਰ ਭੁਲ ਜਾਂਦੇ ਹਨ—

ਬਾਹਰਿ ਕਾਢਿ ਬਿਖੁ ਪਸਰੀਆ ਪਿਆਰੇ
ਮਾਇਆ ਮੋਹੁ ਵਧਾਇਆ ॥੧॥

[ਸੋਰਠਿ ਮ: ੫, ਪੰਨਾ ੬੪੦



www.AKJ.Org

ਸਤਿਗੁਰੂ ਅਰਜਨ ਦੇਵ ਪਾਤਸ਼ਾਹ ਜੀਵ ਨੂੰ ਮਾਤਾ ਦੇ ਗਰਭ ਦੇ ਨਰਕ ਘੋਰ ਵਿਚ ਪੁਠੇ ਲਟਕ ਕੇ ਤਪ ਕਰਨ ਦਾ ਚੇਤਾ ਕਰਾ ਕੇ ਚਿਤਾਵਨੀ ਦਿੰਦੇ ਹਨ :

ਰੇ ਮੂੜੇ, ਤੂ ਕਿਉ ਸਿਮਰਤ ਅਬ ਨਾਹੀ ॥
ਨਰਕ ਘੋਰ ਮਹਿ ਉਰਧ ਤਪੁ ਕਰਤਾ
ਨਿਮਖ ਨਿਮਖ ਗੁਣ ਗਾਂਹੀ ॥੧॥ਰਹਾਉ॥
ਅਨਿਕ ਜਨਮ ਭ੍ਰਮਤੋ ਹੀ ਆਇਓ
ਮਾਨਸ ਜਨਮੁ ਦੁਲਭਾਹੀ ॥
ਗਰਭ ਜੋਨਿ ਛੋਡਿ ਜਉ ਨਿਕਸਿਓ
ਤਉ ਲਾਗੋ ਅਨ ਠਾਂਹੀ ॥੧॥
ਕਰਹਿ ਬੁਰਾਈ ਠਗਾਈ ਦਿਨੁ ਰੈਨਿ
ਨਿਹਫਲ ਕਰਮ ਕਮਾਹੀ ॥
ਕਣੁ ਨਾਹੀ ਤੁਹ ਗਾਹਣ ਲਾਗੇ
ਧਾਇ ਧਾਇ ਦੁਖ ਪਾਂਹੀ ॥੨॥
ਮਿਥਿਆ ਸੰਗਿ ਕੂੜਿ ਲਪਟਾਇਓ
ਉਰਝਿ ਪਰਿਓ ਕੁਸਮਾਂਹੀ ॥
ਧਰਮ ਰਾਇ ਜਬ ਪਕਰਸਿ ਬਵਰੇ
ਤਉ ਕਾਲ ਮੁਖਾ ਉਠਿ ਜਾਹੀ॥੩॥(੪॥੨॥੧੬)

[ਸਾਰੰਗ ਮ: ੫, ਪੰਨਾ ੧੨੦੭

ਅਸਲ ਵਿਚ ਇਸ ਦੇ ਦੁਖਾਂ ਦਾ ਮੂਲ ਕਾਰਨ ਹੀ ਪ੍ਰਭੂ ਨੂੰ ਵਿਸਾਰ ਕੇ ਮਾਇਆ ਵਿਚ ਗ਼ਲਤਾਨ ਹੋਣਾ ਹੈ। ਜੇਕਰ ਇਹ ਆਪਣੀ ਜੀਵਨ-ਗੱਡੀ ਨੂੰ ਪ੍ਰਭੂ ਆਸਰੇ ਟੋਰਦਿਆਂ ਉਦਮ ਕਰਦਾ ਹੋਇਆ ਅਗਾਂਹ ਵਧੀ ਜਾਵੇ ਤਾਂ ਨਿਸਚੇ ਹੀ ਇਸ ਦੀ ਜੀਵਨ-ਗੱਡੀ ਆਪਣੀ ਮੰਜ਼ਲ ਤੇ ਪੁਜਣ ਵਿਚ ਸਫਲ ਹੋ ਸਕਦੀ ਹੈ—

ਉਦਮੁ ਕਰੇਦਿਆ ਜੀਉ ਤੂੰ
ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆਂ ਤੂੰ ਪ੍ਰਭੂ ਮਿਲੁ
ਨਾਨਕ ਉਤਰੀ ਚਿੰਤ ॥

[ਗੂਜਰੀ ਕੀ ਵਾਰ, ਸਲੋਕ ਮ: ੫, ਪੰਨਾ ੫੨੨

ਪਰ ਇਹ ਮਨੁੱਖ ਸ਼ੁਰੂ ਤੋਂ ਹੀ ਆਪਣੀ ਜੀਵਨ-ਗੱਡੀ ਨੂੰ ਗੁਰਮਤਿ-ਗਾਡੀ ਰਾਹ ਤੋੜ ਕੇ ਮਨਮੱਤ ਦੇ ਬਿਖੜੇ ਤੇ ਟੇਢੇ ਰਾਹ ਤੇ ਪਾ ਦੇਂਦਾ ਹੈ, ਜਿਸ ਕਰਕੇ ਵਿਸ਼ੇ ਵਾਸ਼ਨਾ ਦੇ ਟੋਏ ਟਿਬੇ ਅਤੇ ਕੁਸੰਗਤ ਦੇ ਕੰਡਿਆਲੇ ਬਨ-ਜੰਗਲ ਇਸ ਨੂੰ ਭੂਲ-ਭੁਲਈਆਂ ਵਿਚ ਪਾ ਕੇ ਦੁਖੀ ਕਰਦੇ ਰਹਿੰਦੇ ਹਨ। ਆਸੁਰੀ ਸੰਪ੍ਰਦਾ ਦੇ ਜੰਗਲੀ ਜਨੌਰ (ਕਾਮ ਕ੍ਰੋਧ ਆਦਿ) ਇਸ ਦੇ ਪਿਛੇ ਪਏ ਹੋਏ ਸਦੀਵ ਇਸ ਨੂੰ ਭੈ ਭੀਤ ਕਰੀ ਰਖਦੇ ਹਨ। ਏਸੇ ਲਈ ਇਸ ਦੀ ਜੀਵਨ-ਦੌੜ ਸਫਲ ਨਹੀਂ ਹੁੰਦੀ ਤੇ ਇਸ ਦੀ ਜੀਵਨ-ਗਡੀ ਭਰਮਾਂ ਵਹਿਮਾਂ ਦੇ ਟੋਏ ਵਿਚ ਪੈ ਕੇ ਚਕਨਾਚੂਰ ਹੋ ਜਾਂਦੀ ਹੈ।

ਇਹ ਅਟੱਲ ਸਚਾਈ ਹੈ ਕਿ ਜਦ ਤਕ ਫਟੀ (ਤਖ਼ਤੀ) ਤੇ ਪੋਤੀ ਹੋਈ ਪਹਿਲੀ ਕਾਲਖ ਨਾ ਉਤਾਰੀ ਜਾਵੇ, ਹੋਰ ਕੁਝ ਨਹੀਂ ਲਿਖਿਆ ਜਾ ਸਕਦਾ। ਸਾਫ਼ ਤਖ਼ਤੀ ਤੇ ਹੀ ਅੱਖਰ ਉਘੜ ਕੇ ਦਿਖਾਈ ਦੇਂਦੇ ਹਨ। ਜਿਵੇਂ ਵਿਦਿਆਰਥੀ ਵਾਰ ਵਾਰ ਤਖ਼ਤੀ ਨੂੰ ਸਾਫ਼ ਕਰ ਕੇ, ਵਾਰ ਵਾਰ ਲਿਖਦਾ ਤੇ ਯਾਦ ਕਰਦਾ ਹੈ ਅਤੇ ਸਫਲਤਾ ਦੀਆਂ ਹੱਦਾਂ ਛੋਂਹਦਾ ਹੈ, ਮਨੁੱਖ ਵੀ ਆਪਣੀ ਹਿਰਦੇ-ਤਖ਼ਤੀ ਤੇ, ਨਿਤਪ੍ਰਤਿ ਕੀਤੇ ਅਚੇਤ ਪਾਪਾਂ ਦੀ ਲਗੀ ਕਾਲਖ ਨੂੰ, ਸੰਝ ਸਵੇਰੇ ਸਤਿਸੰਗਤ ਵਿਚ ਨਾਮ-ਸਾਬਣ ਲਾ ਕੇ ਧੋਂਦਾ ਰਵ੍ਹੇ ਤੇ ਇਸ ਤਖ਼ਤੀ ਤੇ ਚੰਗੇ ਸੰਸਕਾਰਾਂ ਦੇ ਅੱਖਰ ਲਿਖਦਾ ਹੋਇਆ ਆਤਮਕ ਉੱਨਤੀ ਦੇ ਰਾਹੇ ਪੈ ਜਾਵੇ ਤਾਂ ਹੌਲੀ ਹੌਲੀ ਸਿਮਰਨ ਸੇਵਾ ਘਾਲ ਕਮਾਈ ਕਰਦਾ, ਸਹਿਜ ਅਵਸਥਾ ਪ੍ਰਾਪਤ ਕਰ ਕੇ ਸਟਨ-ਸਮਾਈ ਦਾ ਹੱਕਦਾਰ ਬਣ ਸਕਦਾ ਹੈ। ਇਹੀ ਇਸ ਦੀ ਅੰਤਮ ਮੰਜ਼ਲ ਹੈ, ਇਹੋ ਇਸ ਦਾ ਟਿਕਾਉ-ਸਥਾਨ ਹੈ ਤੇ ਇਹੀ ਸੁਖ-ਸ਼ਾਂਤਿ ਦਾ ਪੜਾਉ ਹੈ, ਇਸ ਪੜਾਉ ਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ—

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ॥ਰਹਾਉ॥(੩॥੨)

[ਗਉੜੀ ਰਵਿਦਾਸ ਜੀ, ਪੰਨਾ ੩੪੫

ਪ੍ਰਭੂ ਸਿਮਰਨ ਕਰਕੇ ਹੀ ਇਸ ਬੇਗਮਪੁਰੇ ਵਿਚ ਵਾਸਾ ਪ੍ਰਾਪਤ ਕੀਤਾ ਜਾ ਸਕਦਾ ਹੈ—


www.AKJ.Org

ਹਲਤਿ ਸੁਖੁ ਪਲਤਿ ਸੁਖੁ ਨਿਤ ਸੁਖੁ ਸਿਮਰਨੋ
ਨਾਮੁ ਗੋਬਿੰਦ ਕਾ ਸਦਾ ਲੀਜੈ ॥
ਮਿਟਹਿ ਕਮਾਣੇ ਪਾਪ ਚਿਰਾਣੇ
ਸਾਧ ਸੰਗਤਿ ਮਿਲਿ ਮੁਆ ਜੀਜੈ ॥੧॥ਰਹਾਉ॥
(੨॥੨॥੫੪) [ਧਨਾਸਰੀ ਮ: ੫, ਪੰਨਾ ੬੮੩

ਊਠਤ ਬੈਠਤ ਸੋਵਤ ਨਾਮ ॥
ਕਹੁ ਨਾਨਕ ਜਨ ਕੈ ਸਦ ਕਾਮ ॥
[ਗਉੜੀ ਸੁਖਮਨੀ, ਪੰਨਾ ੨੮੬

ਯਾਦਿ ਊ ਕੁਨ, ਯਾਦਿ ਊ, ਗੋਇਆ ਮੁਦਾਮ ॥
ਤਾ ਬ-ਯਾਬੀ, ਅਜ ਗਮਿ ਆਲਮ ਫ਼ਰਾਗ॥ ।੫॥
ਉਲਥਾ— [ਭਾਈ ਨੰਦ ਲਾਲ ਜੀ, ਗਜ਼ਲ ੪੭

ਕਰ ਸਿਮਰਨ ਕਰ ਸਿਮਰਨ ਉਸਦਾ, ਗੋਯਾ ਹਰ ਛਿਨ ਸਦਾਸੀ। ਫਿਰ ਦੁਨੀਆ ਦੇ ਗ਼ਮਾਂ ਕੋਲੋਂ ਲਏਂਗਾ ਪਾ ਖਲਾਸੀ। (ਤੀਰ ਜੀ)

ਨਾਮ ਸਿਮਰਨ ਤੋਂ ਬਗੈਰ ਸ਼ਰਨ ਸਮਾਈ, ਜਿਸਨੂੰ ਗੁਰਮਤਿ ਵਿਚ 'ਨਿਜ ਘਰ ਵਾਸ' ਕਿਹਾ ਗਿਆ ਹੈ ਭਾਵ ਜਨਮ ਮਰਨ ਦੇ ਗੇੜ ਤੋਂ ਖ਼ਲਾਸੀ, ਔਖੀ ਹੀ ਨਹੀਂ, ਸਗੋਂ ਅਸੰਭਵ ਹੈ। ਕਲਜੁਗ ਵਿਚ ਤਾਂ ਨਾਮ ਹੀ ਕਲਿਆਨਕਾਰੀ ਹੈ ਅਤੇ ਸ਼ਰਨ ਸਮਾਈ ਦੇਣਹਾਰਾ ਹੈ—

ਸਤਿਜੁਗਿ ਸਤੁ ਤ੍ਰੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੋ ਜੁਗ ਤੀਨੋ ਦਿੜੇ ਕਲਿ ਕੇਵਲ ਨਾਮ ਅਧਾਰ॥੧॥
[ਗਉੜੀ ਰਵਿਦਾਸ ਜੀ, ੩੪੬]

ਪੰਜਾਬੀ ਦੇ ਉਚ ਕੋਟੀ ਦੇ ਕਵੀ ਸ: ਵਿਧਾਤਾ ਸਿੰਘ 'ਤੀਰ' ਨੇ ਮਹਾਂ ਕਾਵਿ ਵਿਚ ਲਿਖਿਆ ਹੈ—

ਸਿਮਰਨ ਅੰਦਰ ਜੀਵਣਾ ਜੁੜਨਾ ਸਚ ਦੇ ਨਾਲ ।
ਸਿਮਰਨ ਕਰੋ ਪਿਆਰਿਉ ਘਾਲੋ ਸਿਮਰਨ ਘਾਲ ।

ਇਹ ਘਾਲ ਵਾਹਿਗੁਰੂ ਦੇ ਦਰ ਤੇ ਮਨਜ਼ੂਰ ਹੋ ਜਾਵੇਗੀ ਤੇ ਉਹ ਬਖਸ਼ਿੰਦ ਪਿਤਾ ਆਪਣੀ ਮਿਹਰ-ਨਦਰ ਦੁਆਰਾ "ਇਹ ਲੋਕ ਸੁਖੀਏ ਪਰਲੋਕ ਸੁਹੇਲੇ" ਕਰਕੇ ਸ਼ਰਨ ਸਮਾਈ ਬਖਸ਼ੇਗਾ ।

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਹੋਰ ਕੇਤੀ ਛੁਟੀ ਨਾਲ ॥੨॥
(੧੮) (ਮਾਝ ਕੀ ਵਾਰ, ਮ: ੨, ਪੰਨਾ ੧੪੬

## ਅਬਦਾਲੀ ਤੇ ਸਿਖ—

(੧੬-ਸ ਸਫ਼ੇ ਦੀ ਬਾਕੀ)

ਖ਼ੁਦ ਸਾਰੇ ਬੇਨਤੀ ਕਰਨਗੇ। ਸ਼ਾਹ ਮੁਆਫ਼ ਕਰ ਦੇਵੇ ਤਾਂ ਵਾਹ ਭਲੀ, ਨਹੀਂ ਤਾਂ ਉਹ ਸਾਰੇ ਸ਼ਹਿਰ ਵਿਚੋਂ ਪੈਸੇ ਇਕੱਠ ਕਰ ਕੇ ਦੇ ਦੇਣਗੇ।

ਅਹਿਮਦ ਸ਼ਾਹ ਜਿਸ ਪਲ ਦੁਆਬਾ ਬਿਸਤ ਜਲੰਧਰ ਅਪੜਿਆ, ਉਸਨੇ ਆਉਂਦਿਆਂ ਹੀ ਨਵਾਬ ਸਰ ਬਲੰਦ ਖ਼ਾਨ ਤੋਂ ਰਕਮ ਤਲਬ ਕੀਤੀ। ਨਵਾਬ ਨੇ ਆਪਣਾ ਵਕੀਲ ਖ਼ੁਆਜਾ ਅਬੇਦਉਲਾ ਖ਼ਾਨ ਘਲਾਇਆ। ਉਸਨੇ ਵਜ਼ੀਰੇ ਆਜ਼ਮ ਸ਼ਾਹ ਵਲੀ ਖਾਂ ਰਾਹੀਂ ਬੜੀ ਮਿੰਨਤ ਸਮਾਜਤ ਕੀਤੀ ਤੇ ਝੂਠ ਸਚ ਗੰਢਿਆ ਕਿ ਉਸਦੇ ਅਹਿਦ ਦਾ ਸਾਰਾ ਸਮਾਂ ਸਿੱਖਾਂ ਨਾਲ ਲੜਨ ਭਿੜਨ ਵਿਚ ਤੇ ਉਹਨਾਂ ਨੂੰ ਦਬਾਉਣ ਵਿਚ ਲੰਘਿਆ ਹੈ ਤੇ ਉਸਦਾ ਬਹੁਤ ਸਾਰਾ ਰੁਪਿਆ ਫ਼ੌਜ ਦੇ ਲੇਖੇ ਲਗ ਗਿਆ ਹੈ। ਜੋ ਬਚਿਆ ਹੈ ਉਹ ਉਸ ਸ਼ਾਹੀ ਖ਼ਜ਼ਾਨੇ ਵਿਚ ਜਮ੍ਹਾ ਕਰਵਾ ਛਡਿਆ ਹੈ। ਏਨੇ ਕੁ ਚਿਰ ਵਿਚ ਲਾਹੌਰ ਦੇ ਵਕੀਲਾਂ ਨੂੰ ਵੀ ਇਤਲਾਹ ਮਿਲ ਗਈ ਕਿ ਅਹਿਮਦ ਸ਼ਾਹ ਹੁਣ ਲਾਹੌਰ ਨੂੰ ਰਵਾਨਾ ਹੋ ਰਿਹਾ ਹੈ ਅਤੇ ਅਜ ਭਲਕ ਅੰਮ੍ਰਿਤਸਰ ਅਪੜਨ ਹੀ ਵਾਲਾ ਹੈ। ਉਹ ਬੜਾ ਵਡਾ ਵਫ਼ਦ ਲੈ ਕੇ ਉਸ ਦੇ ਹਜ਼ੂਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਣ ਪੇਸ਼ ਹਏ। 'ਪੰਜ-ਸੂਰਾ' ਦੀਆਂ ਕੁਝ ਕੁ ਪਰਤਾਂ ਲੇ ਕੇ ਸ਼ਾਹ ਵਲੀ ਖ਼ਾਂ ਰਾਹੀਂ ਉਸ ਨਾਲ ਮੁਲਾਕਾਤ ਕੀਤੀ। ਉਸ ਦੇ ਇਸਲਾਮੀ ਜਜ਼-ਬਾਤ ਨੂੰ ਭੜਕਾਉਣ ਲਈ ਝੂਠੀ ਕਹਾਣੀ ਘੜੀ ਕਿ ਜਦ ਸਿਖਾਂ ਨੇ ਲਾਹੌਰ ਉਤੇ ਹਲਾ ਕਰਕੇ ਉਸਦੀ ਬਰਬਾਦੀ ਕੀਤੀ ਅਤੇ ਸ਼ਹਿਰ ਨੂੰ ਅੱਗ ਲਾਈ ਤਾਂ ਜਿਥੇ ਹੋਰ ਬਹੁਤ ਕੁਝ ਸੜਿਆ, ਹਜ਼ਾਰਾਂ ਹੀ ਕੁਰਾਨ ਸੜ ਗਏ। ਅਤੇ ਬਾਕੀ ਉਹ ਚੁਕ ਕੇ ਲੈ ਗਏ ਸਨ। ਸਾਡੀ ਇਹ ਹਾਲਤ ਹੋਈ ਹੈ ਕਿ ਸਾਡੇ ਪਾਸ ਸਾਰੇ ਸ਼ਹਿਰ ਵਿਚ ਪੂਰਾ ਕੁਰਾਨ ਵੀ ਨਹੀਂ ਰਹਿ ਗਿਆ। ਸਿਰਫ਼ ਏਨਾ ਕੁ ਹਿਸਾ ਹੀ ਬਚਿਆ ਹੈ। ਸਾਡੀ ਤਬਾਹੀ ਤੇ ਬਰਬਾਦੀ ਦਾ ਅੰਦਾਜ਼ਾ ਹਜ਼ੂਰ ਖ਼ੁਦ ਲਗਾ ਸਕਦੇ ਹਨ। ਸ਼ਾਹ ਧਰਮ-ਰਖਿਅਕ ਹੈ, ਦੀਨ ਦਾ ਰਾਖਾ ਹੈ, ਤੇ ਸਾਡੀ ਤਬਾਹੀ ਤੇ ਡਰ ਵਜੋਂ ਤਰਸ-ਯੋਗ ਹਾਲਤ ਵਿਚ ਉਹ ਸਗੋਂ ਉਹ ਪੈਸਾ ਵਾਪਸ


www.AKJ.Org

ਮੰਗ ਰਿਹਾ ਹੈ ਜਿਹੜਾ ਪੇਸਾ ਤਾਰ ਕੇ ਮੋਮਨਾਂ ਨੂੰ ਵੈਰੀ ਦੇ ਪੰਜੇ ਚੋਂ ਬਚਾਇਆ ਸੀ। ਸਾਡੇ ਤੇ ਰਹਿਮ ਕੀਤਾ ਜਾਵੇ। ਝੂਠ ਦਾ ਤੀਰ ਅਖਾਂ ਮੀਟ ਕੇ ਚਲਾਇਆ ਤੇ ਵਜਾ ਐਨ ਨਿਸ਼ਾਨੇ ਤੇ। ਸ਼ਾਹ ਨੇ ਖੁਸ਼ ਹੋ ਕੇ ਇਹ ਰਕਮ ਮੁਆਫ਼ ਕਰ ਦਿਤੀ ਤੇ ਇਸ ਸਬੰਧੀ ਲੋੜੀਂਦਾ ਸ਼ਾਹੀ ਫੁਰਮਾਨ ਸ਼ਾਹੀ ਮੋਹਰ ਥਲੇ ਯਕੂਬ ਖਾਨ ਅਤੇ ਅਜ਼ਮਦ ਖ਼ਾਨ ਵਲ ਘਲਾ ਦਿਤਾ ਕਿ ਉਹ ਸ਼ਹਿਰੀਆਂ ਤੋਂ ਇਹ ਰਕਮ ਪੂਰੀ ਨਾ ਕਰਨ।

## ਅਹਿਮਦ ਸ਼ਾਹ ਦਾ ਲਾਹੌਰ ਪੁਜਣਾ :—

ਅਹਿਮਦ ਸ਼ਾਹ ਪੂਰੀ ਸ਼ਾਨੋ ਸ਼ੌਕਤ ਨਾਲ ੨੯ ਅਪਰੈਲ ੧੭੬੧ ਨੂੰ ਲਾਹੌਰ ਵਿਚ ਦਾਖ਼ਲ ਹੋਇਆ। ਏਥੋਂ ਲਈ ਕੁਝ ਜ਼ਰੂਰੀ ਪ੍ਰਬੰਧ ਇਸ ਪ੍ਰਕਾਰ ਕੀਤੇ :— ਸਰ ਬਲੰਦ ਖ਼ਾਂ ਨੂੰ ਮੁਲਤਾਨ ਦਾ ਹਾਕਮ ਬਣਾ ਕੇ ਉਧਰ ਤੋਰ ਦਿਤਾ। ਖ਼ਵਾਜਾ ਅਬੇਦ ਉਲਾ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਥਾਪ ਦਿਤਾ ਗਿਆ। ਕਾਂਗੜੇ ਵਾਲੇ ਘਮੰਡ ਚੰਦ ਕਟੋਚ ਦੇ ਜ਼ਿਮੇ ਦੁਆਬਾ ਬਿਸਤ ਜਲੰਧਰ ਦਾ ਬੰਦੋਬਸਤ ਕਰ ਦਿਤਾ। ਉਸ ਦੀ ਸਹਾਇਤਾ ਲਈ ਸਆਦਤ ਖ਼ਾਨ ਤੇ ਸਦੀਕ ਖ਼ਾਨ ਅਫਰੀਦੀ ਨਿਯੁਕਤ ਕਰ ਦਿਤੇ।

ਅਬਦਾਲੀ ਦੇ ਲਾਹੌਰ ਬੈਠਿਆਂ ਹੀ ਮੁਜ਼ੰਗ ਸਿੰਘਾਂ ਨੇ ਲੁੱਟ ਲਿਆ ਅਤੇ ਆਸ ਪਾਸ ਦੀਆਂ ਬਸਤੀਆਂ ਵੀ ਲਲਕਾਰ ਕੇ ਉਗਰਾਹ ਲਈਆਂ।

## ਅਹਿਮਦ ਸ਼ਾਹ ਦੀ ਲਾਹੌਰੋਂ ਰਵਾਨਗੀ :—

ਮਈ ੧੭੬੧ ਨੂੰ ਜਿਸ ਪਲ ਅਬਦਾਲੀ ਲਾਹੌਰੋਂ ਤੁਰਿਆ, ਸਿੰਘ ਵੀ ਸ਼ਿਕਾਰ ਦੇ ਮਗਰੇ ਲਗ ਤੁਰੇ। ਲਸ਼ਕਰ ਨੂੰ ਕਦੀ ਦੋ ਘੜੀਆਂ ਵੀ ਅਰਾਮ ਨਾਲ ਟਿਕਣ ਨਾ ਦਿਤਾ। ਹਰ ਵਕਤ ਖ਼ਤਰੇ ਦੇ ਜਰਸ (ਘੜਿਆਲ) ਵਜਦੇ ਰਹਿੰਦੇ ਸਨ ਤੇ ਲਸ਼ਕਰ ਵਿਚ ਲਾਲਾ ਲਾਲਾ ਹੁੰਦੀ ਰਹਿੰਦੀ ਸੀ ਕਿ "ਸਿਖ ਆ ਪਏ, ਸਿਖ ਆ ਪਏ"। ਸਿੰਘ ਆਪੋ-ਧਾਪੀ ਮਚਾ ਕੇ ਦੁਸ਼ਮਣ ਦੇ ਸੰਭਲਣ ਤੋਂ ਪਹਿਲਾਂ ਪਹਿਲਾਂ ਵਢ ਟੁਕ ਕਰ ਕੇ ਜਿੰਨਾ ਕੁ ਮਾਲ ਹੱਥ ਆਉਂਦਾ, ਲੈ ਕੇ ਵਰੋਲਾ ਹੋ ਜਾਂਦੇ। ਸਿੰਘ ਏਸੇ ਤਰ੍ਹਾਂ ਦੁਰਾਨੀਆਂ ਦੀ ਗਿਦੜ-ਕੁਟ ਕਰਦੇ ਤੇ ਆਹੂ ਲਾਹੁੰਦੇ ਸਿੰਧ ਦੇ ਕੰਢੇ ਤੱਕ ਧੱਸ ਕੇ ਲੈ ਗਏ। ਉੱਨਾ ਚਿਰ ਖਹਿੜਾ ਹੀ ਨਹੀਂ ਛਡਿਆ ਜਿੰਨਾ ਚਿਰ ਅਬਦਾਲੀ ਦਰਿਆਓਂ ਪਾਰ ਨਹੀਂ ਹੋ ਗਿਆ।*

## ਸਿੰਘਾਂ ਦਾ ਸਿੰਧ ਤੋਂ ਪਿੱਛਾਂਹ ਮੁੜਨਾ :—

ਜਦ ਅਬਦਾਲੀ ਸਿੰਧ ਦਰਿਆ ਟਪ ਗਿਆ, ਭਾਵ, ਸ਼ਿਕਾਰ ਪਹਾੜੀਂ ਜਾ ਚੜ੍ਹਿਆ ਤਾਂ ਸਿੰਘ ਪਿਛਾਂਹ ਪਰਤੇ ਤੇ ਪੰਜਾਬ ਵਲ ਧਿਆਨ ਕੀਤਾ। ਅਬਦਾਲੀ ਦੇ ਪੰਜਾਬ ਦੇ ਬੰਦੋਬਸਤ ਨੂੰ ਸਿੰਘਾਂ ਤਹਿਸ-ਨਹਿਸ (ਮਲੀਆਮੇਟ) ਕਰ ਦਿਤਾ। ਪੰਜਾਬ ਨੂੰ ਅਬਦਾਲੀ ਆਪਣੇ ਮੂੰਹ ਦੀ ਬੁਰਕੀ ਸਮਝਦਾ ਸੀ ਤੇ ਆਪਣੇ ਵਲੋਂ ਬੜੀ ਪਕਿਆਈ ਕਰ ਕੇ ਗਿਆ ਸੀ। ਖ਼ੁਆਜਾ ਮਿਰਜ਼ਾ ਜਾਨ, ਜਿਹੜਾ ਕਿ ਚਹਾਰ ਮਹਿਲ (ਗੁਜਰਾਤ, ਪਸਰੂਰ, ਔਰੰਗਾਬਾਦ ਸਿਆਲ-ਕੋਟ ਆਦਿ) ਦਾ ਬੜਾ ਕਰੜਾ ਹਾਕਮ ਸੀ, ਆਪਣੇ ਮਾਲਕ ਦਾ ਨਮਕ ਹਲਾਲ ਕਰਦਾ ਹੋਇਆ ਅਬ-ਦਾਲੀ ਨੂੰ ਸਿੰਧ ਟਪਾ ਕੇ ਮੁੜਦਿਆਂ ਸਿੰਘਾਂ ਦਾ ਡਾਢਾ ਟਾਕਰਾ ਕਰਨ ਲਈ ਤੇ ਆਪਣੇ ਵਲੋਂ ਸਿੰਘਾਂ ਨੂੰ ਸਬਕ ਸਿਖਾਉਣ ਦੀ ਨੀਯਤ ਨਾਲ ਬੜਾ ਵਡਾ ਲਾਓ-ਲਸ਼ਕਰ ਲੈ ਕੇ ਝੰਗ ਤੋਂ ਅਗੇ ਆਣ ਡਟਿਆ। ਉਹ ਸਮਝਦਾ ਸੀ ਕਿ ਸਿੰਘ ਉਸ ਦੇ ਨਰਗੇ ਵਿਚ ਆ ਗਏ ਹਨ। ਅਗਲਿਆਂ ਪਿਛਲਿਆਂ ਨੂੰ ਹੁਣ ਕੋਈ ਖ਼ਬਰ ਨਹੀਂ ਹੋਣੀ। ਜਿਹੜਾ ਕੰਮ ਉਹਦਾ ਮਾਲਕ ਅਬਦਾਲੀ ਸਾਰਾ ਟਿੱਲ ਲਾ ਕੇ ਨਹੀਂ ਸੀ ਕਰ ਸਕਿਆ, ਉਹ ਸਹਿਜੇ ਹੀ ਕਰਕੇ ਦੁਨੀਆ ਵਿਚ ਤਕੜੀ ਭਲ ਖਟ ਲਵੇਗਾ। ਗ਼ਰੀਬ ਖ਼ਵਾਜੇ ਨੂੰ ਇਹ ਨਹੀਂ ਸੀ ਪਤਾ ਕਿ ਬਟੇਰੇ ਫੜਨ ਵਾਲੇ ਜਾਲ ਨਾਲ ਸ਼ੇਰ ਨਹੀਂ ਫੜੇ ਜਾਂਦੇ। ਉਸ ਨੇ ਬੜੇ ਧੂਮ ਧੜੱਕੇ ਨਾਲ ਖ਼ਾਲਸਾ ਜੀ ਤੇ ਹੱਲਾ ਕੀਤਾ। ਮੁੜ ਮੁੜ ਕੇ ਤਕਬੀਰ ਦੇ ਨਾਹਰੇ ਗੂੰਜੇ, ਪਰ ਸਿੱਟਾ ਇਹ ਨਿਕ-ਲਿਆ ਕਿ ਆਪ ਵੀ ਮਾਰਿਆ ਗਿਆ ਅਤੇ ਸਾਰਾ ਲਸ਼ਕਰ ਵੀ ਖਾਲਸਾ ਜੀ ਦੀ ਤੇਗ ਦੀ ਭੇਟ ਹੋ ਗਿਆ। ਇਕ ਵੀ ਸ਼ਖਸ ਜੀਉਂਦਾ ਨਾ ਬਚਿਆ†। ਅੱਜ ਤੱਕ ਸ਼ਾਹੀ ਲਸ਼ਕਰ ਨੂੰ ਕਦੀ ਇਹੋ ਜਿਹੀ ਮੁਕੰਮਲ ਤਬਾਹੀ ਦਾ ਸਾਹਮਣਾ ਨਹੀਂ ਸੀ ਹੋਇਆ। (ਚਲਦਾ)

---

*ਸ਼ਮਸ਼ੇਰ ਖ਼ਾਲਸਾ ਸਫ਼ਾ 144-45, ਅਲੀ ਉੱਦ ਦੀਨ ਦਾ ਇਬਰਤਨਾਮਾ 260-64, ਕਨ੍ਹਈਆ ਲਾਲ ਦੀ ਤਾਰੀਖ਼ੇ ਪੰਜਾਬ 82-84, ਉਮਦਾ ਤੁਤਵਾਰੀਖ਼ I-149-50-53 ਅਤੇ ਦਿਲੀ ਕ੍ਰਾਨੀਕਲ।

†ਤਹਿਮਾਸ-ਨਾਮਾ 108ਬ

www.AKJ.Org

# ਸਤਿਗੁਰਾਂ ਦਾ ਇਲਾਹੀ ਲੰਗਰ

[ ਵਲੋਂ—ਪ੍ਰ: ਪੂਰਨ ਸਿੰਘ ਜੀ ]

ਸਤਿਗੁਰਾਂ ਨੇ ਖ਼ਾਲਸੇ ਨੂੰ ਆਪਣੇ ਲੰਗਰ ਦਾ ਪ੍ਰਸ਼ਾਦ ਛਕਾ ਛਕਾ ਕੇ ਪਾਲਿਆ, ਤੇ ਕਲਗੀਆਂ ਵਾਲੇ ਪ੍ਰੀਤਮ ਜੀ ਨੇ ਜਦ ਆਪਣਾ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਘਰ ਘਰ ਵਸਾਇਆ ਤਦ ਆਪਣਾ ਲੰਗਰ ਵੀ ਹਰ ਸਿੰਘ ਦੇ ਘਰ ਘਰ ਦੇ ਲੰਗਰ ਵਿਚ ਚਲਾਇਆ, ਹਰ ਇਕ ਗੁਰੂ ਦੇ ਲਾਲ ਪਿਆਰੇ ਸਿੰਘ ਦਾ ਲੰਗਰ ਸਤਿਗੁਰਾਂ ਦਾ ਲੰਗਰ ਹੈ, ਤੇ ਹਾਂ ਜੀ, ਜਿਸ ਸਿੰਘ ਦਾ ਲੰਗਰ ਸਤਿਗੁਰ ਦਾ ਲੰਗਰ ਨਹੀਂ ਉਹ ਕਲਗੀਆਂ ਵਾਲੇ ਦਾ ਸਿੰਘ ਨਹੀਂ, ਕੋਈ ਗਿੱਦੜ, ਜੜ੍ਹਾ ਜੋਗੀ, ਜਤੀ, ਤਪੀ, ਦੁਨੀਆਦਾਰ, ਤਿਆਗੀ, ਪੁਰਾਣੀ ਕੁਰੀਤਾਂ ਵਿਚ ਫਸਿਆ ਮਨੁੱਖ ਹੋਸੀ। ਉਸ ਨਾਲ ਮੈਨੂੰ ਕੀ, ਨਾਮਾਂ ਦਾ ਕੀ ਤੇ ਸਵਾਂਗਾਂ ਦਾ ਕੀ ?

ਸਤਿਗੁਰ ਦੇ ਸਿੰਘ ਤਾਂ ਉਹਨਾਂ ਦੇ ਅਟੱਲ ਲੰਗਰ ਦੇ ਹੱਥ-ਬਧੇ ਟਹਿਲੀਏ ਹਨ। ਉਹ ਤਾਂ ਉਦਾਰ-ਚਿਤ ਜਵਾਨ ਗਭਰੂ ਲੰਗਰ ਦੀ ਸੇਵਾ ਦੇ ਸਰਦਾਰ ਹਨ। ਹਾਂ ਜੀ ! ਮੇਰੇ ਬਾਬਾ ਜੀ ਆਪਣੇ ਸਿਖ ਦੇ ਲੰਗਰ ਵਿਚ ਹੁਣ ਵੀ ਆਉਂਦੇ ਹਨ ਤੇ ਆਪਣੇ ਭਗਤਾਂ ਸੰਗਤਾਂ ਵਾਸਤੇ ਦੋਏ ਵੇਲੇ ਏਟ-ਹੋਮ (At-Home) ਜ਼ਯਾਫ਼ਤ-ਪ੍ਰੀਤੀ ਭੋਜਨ ਜਾਂ 'ਗੁਰਮੁਖਾਂ ਦੇ ਪ੍ਰਸਾਦਿ' ਹੋਂਵਦੇ ਹਨ। ਉਹ ਲੰਗਰ ਕਿਹਾ ਚੰਗਾ, ਜਿਥੇ ਸਤਿਗੁਰ ਆਨ ਆਪਣੀ ਹਥੀਂ ਭੋਜਨ ਛਕਾਉਣ ! ਸਿੱਖਾਂ ਦਾ ਸਭ ਥੀਂ ਪਹਿਲਾ ਮੰਦਰ ਸਤਿਗੁਰ ਨੇ ਆਪਣੇ ਲੰਗਰ ਵਿਚ ਬਣਾਇਆ। ਦੂਜਾ ਬਣਿਆ ਹਰੀਮੰਦਰ ਵਿਚ, ਹਰੀਮੰਦਰ ਮਨੁਖਾ ਦੇਹੀ ਵਿਚ, ਕਈ ਕੌਤਕ ਰਚੇ, ਇਸ ਮੰਦਰ ਵਿਚ ਆ ਕੇ ਮਹਾਰਾਜ ਜੀ ਆਪਣੀ ਹਥੀਂ ਪ੍ਰਸ਼ਾਦ ਛਕਾਉਂਦੇ ਹਨ।

ਬਾਣੀ ਪੜ੍ਹਦੇ ਪੜ੍ਹਦੇ ਲੰਗਰ ਤਿਆਰ ਹੁੰਦਾ ਹੈ, ਸਤਿਗੁਰੂ ਆਂਵਦੇ ਹਨ, ਪ੍ਰਸ਼ਾਦ ਪਾਉਂਦੇ ਹਨ ਤੇ ਸੀਤ ਪ੍ਰਸ਼ਾਦ ਸਭ ਸੰਗਤਾਂ ਛਕਦੀਆਂ ਹਨ। ਸਤਿਗੁਰੂ ਦੇ ਲੰਗਰ ਦੀ ਸੇਵਾ ਉਹ ਪੂਜਾ ਹੈ ਜਿਸ ਵਿਚ ਰੱਬ ਆਪ ਆ ਕੇ ਭਗਤ ਨਾਲ ਗੱਲਾਂ ਬਾਤਾਂ ਕਰਦਾ ਹੈ, ਉਹ ਰੱਬ ਨੂੰ ਭੋਗ ਲਗਾਉਂਦਾ ਹੈ ਤੇ ਭਗਤ ਰੱਬ ਨੂੰ ਛਕਾਉਂਦਾ ਹੈ। ਹਾਂ ਜੀ, ਧੰਨੇ ਭਗਤ ਨੇ ਬਾਬੇ ਨੂੰ ਦੁੱਧ ਜ਼ਰੂਰ ਛਕਾਇਆ ਸੀ। ਹਾਂ ਜੀ, ਮੀਰਾਂ ਬਾਈ ਬਾਬੇ ਨਾਲ ਜ਼ਰੂਰ ਗੇਂਦ ਖੇਡੀ ਸੀ। ਹਾਂ ਜੀ, ਨਾਮੇ ਦੀ ਮੋਈ ਗਊ ਬਾਬੇ ਜ਼ਰੂਰ ਜੁਆਲੀ ਸੀ। ਹਾਂ ਜੀ, ਸਤਿਗੁਰ ਨੇ ਭੋਜਨ ਛਕਣ ਛਕਾਣ ਨੂੰ ਆਪਣੀ ਪ੍ਰੀਤ ਦਾ ਰੁਤਬਾ ਬਖਸ਼ਿਆ। ਸਤਿਗੁਰਾਂ ਦੇ ਲੰਗਰ ਦਾ ਇਕ ਇਕ ਭੋਰਾ ਪ੍ਰੀਤ ਦੇ ਤੂਫਾਨੀ ਨੂਰ ਵਿਚ ਗੁੰਦਿਆ ਹੋਂਵਦਾ ਹੈ।

ਸਿੰਘਾਂ ਦਾ ਡਾਢਾ ਹੀ ਉੱਚਾ ਸਤਾਰਾ ਹੈ। ਸੁਕੇ ਟੁਕੜੇ ਜੇ ਮਿਲਣ ਤਾਂ ਉਹਨਾਂ ਵਿਚ ਰੱਬੀ ਰਸ ਭਰਦਾ ਹੈ ਤੇ ਇਹ ਪ੍ਰੀਤ ਪਾਨ ਕਰ ਕਰ ਜੀਉਂਦੇ ਹਨ। ਬਾਬੇ ਦੇ ਲੰਗਰ ਵਿਚ ਜਾਤਪਾਤ ਦੀ ਬਾਵਲੀ ਧੋਬੀਆਂ ਵਾਲੀ ਛੂ ਛੀਂ ਨਹੀਂ, ਪਰ ਇਹ ਲੰਗਰ ਆਮ ਦ੍ਰਿਸ਼ਟੀ ਥੀਂ ਛਪਨ ਲੰਗਰ ਹੈ, ਇਹ ਬਾਦਸ਼ਾਹ ਦਾ ਲੰਗਰ ਹੈ, ਇਥੇ ਲੰਡੀ ਬੁਚੀ ਪਰ ਨਹੀਂ ਮਾਰ ਸਕਦੀ। ਇਹ ਫਕੀਰਾਂ ਪੀਰਾ ਮੀਰਾਂ ਦਾ ਲੰਗਰ ਹੈ, ਜਿਸ ਦੇ ਦਰਵਾਜ਼ੇ ਤੇ ਸ਼ੇਰ ਪਹਿਰਾ ਦੇਂਦੇ ਹਨ। ਇਸ ਲੰਗਰ ਵਿਚ ਖੰਡਾ ਲਿਸ਼ਕਦਾ ਹੈ, ਇਹ ਡਾਢਿਆਂ ਦਾ ਲੰਗਰ ਹੈ, ਇਥੇ ਜ਼ੋਰ ਵਾਲੇ ਤੇ ਡਾਢੇ ਪ੍ਰਸ਼ਾਦ ਛਕਦੇ ਹਨ—

ਤਿਥੈ ਜੋਧ ਮਹਾਂ ਬਲ ਸੂਰ।

ਗੁਰੂ ਕੇ ਸਿੰਘ ਤਿਆਰ ਬਰ ਤਿਆਰ ਕਮਰ-ਕਸੇ ਸਿਪਾਹੀ ਹਨ, ਅੰਨ ਮਨ ਤਨ ਦੇ ਫ਼ਿਕਰ ਇਹਨਾਂ ਇਲਾਹੀ ਲੋਕਾਂ ਦੇ ਫ਼ਿਕਰ ਨਹੀਂ। ਇਹਨਾਂ ਦੇ ਭੋਜਨ ਦੇ ਥਾਲ ਤਾਂ ਧੁਰ ਥੀਂ ਆਂਵਦੇ ਹਨ, ਆਟਾ ਇਹਨਾਂ ਦਾ ਧੁਰ ਉਪਰ ਧੁੰਦ-ਮੰਡਲਾਂ ਦੀਆਂ ਨੂਰੀ ਚੱਕੀਆਂ ਵਿਚ ਪੀਸਿਆ ਜਾਂਦਾ ਹੈ, ਸਤਸੰਗੀ ਸਚਖੰਡ ਥੀਂ ਆਟਾ ਚੁਕ ਕੇ ਗੁਰੂ-ਆਗਿਆ ਅਨੁਸਾਰ ਸਿੰਘਾਂ ਦੇ ਗੁਰ-ਲੰਗਰਾਂ ਵਿਚ ਪਹੁੰਚਾਂਦੇ ਹਨ, ਅਰ ਸਤਸੰਗੀ ਜਲ ਦੇ ਘੜੇ

[ਬਾਕੀ ਦੇਖੋ ਸਾਹਮਣੇ ਪਾਸੇ ਟਾਈਟਲ ਤੇ



www.AKJ.Org

## ਸਤਿਗੁਰੂ ਦਾ ਇਲਾਹੀ ਲੰਗਰ

(ਪਿਛਲੇ ਸਫ਼ੇ ਤੋਂ ਚਲਦਾ)

ਨੂਰ ਨਾਲ ਭਰ ਲੈ ਆਏ। ਹਾਂ ਜੀ, ਪਿਆਰੇ ਨਾਲ ਆਏ, ਕਲਗੀਆਂ ਵਾਲੇ ਦੀ ਰਛਿਆ ਵਿਚ ਆਏ, ਬਾਬਾ ਜੀ ਸਿੰਘਾਂ ਦੀਆਂ ਰੋਟੀਆਂ ਇਉਂ ਘਲਦੇ ਹਨ।

ਖ਼ਾਲਸਾ ਜੀਉ, ਉਠੋ ! ਹੱਥ ਜੋੜੋ, ਅਰਦਾਸਾ ਸੋਧੋ, ਬਾਬੇ ਨੇ ਪ੍ਰਸ਼ਾਦ ਭੇਜਿਆ ਹੈ। ਆਓ ਬਾਬੇ ਨੂੰ ਵੀ ਛਕਾਈਏ ਤੇ ਆਪ ਵੀ ਛਕੀਏ। ਓਹੋ! ਕਿਆ ਸਵਾਦ, ਬਾਬਾ ਜੀ ਬੱਚਿਆਂ ਵਾਸਤੇ ਏਟ-ਹੋਮ (ਜ਼ਯਾਫ਼ਤ) ਹੋਏ। ਉਹ ਗੱਲ, ਜਿਹੜੀ ਦੋਹਾਂ ਦੀਨ ਤੇ ਦੁਨੀ ਵਾਲਿਆਂ ਨੂੰ ਜਾਨ ਦਾ ਕਰੱਟਾ ਦਿਸਦਾ ਹੈ ਸੀ, ਉਹ ਬਾਬੇ ਇਉਂ ਧੁਰ ਉਪਰ ਅਰਸ਼ੀ ਉੱਚ ਨਾਲ ਉੱਚੀ ਕਰ ਦਿਤੀ। ਅਸਮਾਨ ਪਾੜ ਕੇ, ਇਹ ਖੁਲ੍ਹਾ ਚੀਰ ਕੇ ਸਿੰਘ ਦਾ ਲੰਗਰ ਸਚਖੰਡ ਵਿਚੋਂ ਦਸਿਆ, ਓਥੇ ਵੀ ਨੂਰੀ ਚੱਕੀਆਂ ਚਲਦੀਆਂ ਦਸੀਆਂ, ਓਥੇ ਵੀ ਸੂਰਜ ਤੇ ਚੰਨ ਬਣਦੇ ਦਸੇ। ਇਹ ਗੁਰੂ ਦੇ ਲਾਲਾਂ ਦੀਆਂ ਬਣਾਈਆਂ ਚੀਜ਼ਾਂ ਹਨ, ਹੋਰ ਕੇ ਵੇ ? ਸੂਰਜ ਦੀਆਂ ਕਿਰਨਾਂ ਕਿਥੇ ਮੂਈਏ ! ਇਹ ਤਾਂ ਅੰਨ ਵਰਦਾ ਹੈ। ਹਾਂ ਜੀ, ਆਕਾਸ਼ ਦੀ ਛਾਨਣੀ ਵਿਚ ਛਣ ਛਣ ਵਰ੍ਹਦਾ ਹੈ। ਹਾਂ ਜੀ, ਇਹ ਪ੍ਰਭਾਤ ਥੋੜੀ ਹੈ, ਇਹ ਤਾਂ ਗਊ ਦੀ ਦੁੱਧ-ਧਾਰਾ ਹੈ। ਇਹੋ ਜਿਹਾ ਗੁਰੂ ਕਾ ਲੰਗਰ ਹੈ।

ਧੰਨ ਉਹ, ਜਿਹੜੇ ਭਲਕੇ ਉਠ ਕੇ ਨਾਮ ਜਪਦੇ ਲੰਗਰ ਤਿਆਰ ਕਰਦੇ, ਸਚਖੰਡ ਆ ਜਾ ਕੇ ਸਤਸੰਗੀਆਂ ਦੀਆਂ ਲਿਆਂਦੀਆਂ ਨਿਆਮਤਾਂ ਛਕਦੇ ਛਕਾਉਂਦੇ ਹਨ।

['ਨਿਰਗੁਣੀਆਰਾ' ਅੰਮ੍ਰਿਤਸਰ ਵਿਚੋਂ ਧੰਨਵਾਦ ਸਹਿਤ

---

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਵਿਚੋਂ ਬੀਬੀ ਬਲਬੀਰ ਕੌਰ-ਸ਼ਫ਼ੀਲਡਯੂ.ਕੇ. ਦੇ ਸਾਢੇ ਛੇ ਸੌ ਅਤੇ ਬਾਕੀਆਂ ਦੇ ਸੌ ਸੌ ਰੁਪਏ ਪੁਜੇ ਹਨ। ਐਫ਼ ਡੀਆਂ ਦੇ ਨੰਬਰ ਹੇਠਾਂ ਦਰਜ ਹਨ।

| | | | |
|---|---|---|---|
| 324. ਬੀਬੀ ਨਿਰਮਲ ਕੌਰ ਜੀ | (ਚਿਟ ਨੰ: 3324) | 778624/1548/77 | ਮਿਤੀ 26-12-77 |
| 325. ਬੀਬੀ ਬਲਬੀਰ ਕੌਰ ਜੀ | ( ,, 2022) | 778625/1549/77 | ,, |
| 326. ਸ. ਗੁਰਨਾਮ ਸਿੰਘS/oਗਿ: ਗੁਰਦੇਵਸਿੰਘ | ( ,, 3326) | 778626/1550/77 | ,, |
| 327. ਸੂਬੇਦਾਰ ਗੁਰਦਿਆਲ ਸਿੰਘ ਜੀ | ( ,, 3327) | 778626/1551/77 | ,, |

### ਪਾਠਕਾਂ ਦੀ ਅਤੇ ਦਫ਼ਤਰੀ ਸਹੂਲਤ ਨੂੰ ਸਾਹਮਣੇ ਰਖ ਕੇ

**'ਸੂਰਾ' ਦੇ ਪਾਠਕਾਂ ਲਈ** ਅਮਾਨਤੀ ਲਾਈਫ਼ ਮੈਂਬਰੀ ਸਕੀਮ ਚਾਲੂ ਕੀਤੀ ਗਈ ਹੋਈ ਹੈ, ਜਿਸ ਦੇ ਅਧੀਨ ਹੁਣ ਤਕ 336 ਮੈਂਬਰ ਦੇਸ ਵਿਚ ਅਤੇ ਪਰਦੇਸ ਵਿਚ ਬਣ ਚੁਕੇ ਹਨ।

ਦੇਸ ਵਿਚੋਂ ਸੌ ਰੁਪਿਆ ਭੇਜਣ ਨਾਲ ਪਾਠਕਾਂ ਦੇ ਨਾਂ ਬੈਂਕ ਵਿਚ ਰਕਮ ਜਮ੍ਹਾ ਕਰਾ ਦਿਤੀ ਜਾਂਦੀ ਹੈ। ਰਕਮ ਪਾਠਕਾਂ ਦੀ ਰਾਖਵੀਂ ਰਹਿੰਦੀ ਹੈ ਅਤੇ ਉਸ ਦੇ ਸੂਦ ਨਾਲ 'ਸੂਰਾ' ਪੱਤਰ ਨੂੰ ਸਾਲਾਨਾ ਚੰਦਾ ਮਿਲਦਾ ਰਹਿੰਦਾ ਹੈ।

ਪਾਠਕਾਂ ਪਾਸ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ ਦੇ ਸਾਲ ਮਨੀਆਡਰ ਕਰਾਉਣ ਦੀ ਥਾਂ ਇਕੋ ਵਾਰ ਸੌ ਰੁਪਏ ਦੇ ਕੇ ਸਾਰੀ ਉਮਰ ਲਈ ਚੰਦੇ ਵਲੋਂ ਬੇਫ਼ਿਕਰ ਹੋ ਜਾਓ। ਜਿਹੜੇ ਸਜਣ ਇਕ-ਵਾਰਗੀ ਸੌ ਰੁਪਿਆ ਨਹੀਂ ਭੇਜ ਸਕਦੇ, ਉਹ ਚਾਰ ਪੰਜ ਕਿਸ਼ਤਾਂ ਵਿਚ ਇਹ ਰਕਮ ਭੇਜ ਸਕਦੇ ਹਨ।

ਪ੍ਰਦੇਸ ਲਈ ਅਮਾਨਤੀ ਲਾਈਫ਼ ਮੈਂਬਰ — ਸਮੁੰਦਰੀ ਡਾਕ ਸਭ ਦੇਸਾਂ ਲਈ 250/-

ਹਵਾਈ ਡਾਕ:ਮਲਾਇਆ,ਅਰਬ ਆਦਿ 500/-,ਯੂ.ਕੇ,.ਅਫ਼ਰੀਕਾ ਆਦਿ 650/-,ਕੈਨੇਡਾ, ਅਮਰੀਕਾ750/-

### 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

ਭਾਈ ਨਿਰੰਜਨ ਸਿੰਘ ਜੀ ਨੌਸ਼ਹਿਰਵੀ ਕਾਕਾ ਅਮੋਲਕ ਸਿੰਘ ਦੇ ਆਨੰਦ ਕਾਰਜ ਦੀ ਖੁਸ਼ੀ ਵਿਚ 11-00

ਸ: ਅਜੀਤ ਸਿੰਘ ਜੀ ਹਰਸਾ ਛੀਨਾ 5-00

ਵਾਹਿਗੁਰੂ ਨਾਮ ਦਾਨ ਤੇ ਖੁਸ਼ੀਆਂ ਬਖ਼ਸ਼ਣ।

www.AKJ.Org

# ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸ਼ਵ ਦਾ

# ਕੇਂਦਰੀ ਸਾਲਾਨਾ ਸਮਾਗਮ

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਸ਼ਤਾਬਦੀ ਸਮਾਗਮ ਸੰਯੁਕਤ*
*੧੩ ਤੋਂ ੧੬ ਜਨਵਰੀ ੧੯੭੮ ਨੂੰ ਲੁਧਿਆਣਾ ਵਿਖੇ*

ਭਾਰਤ ਭਰ ਦੀਆਂ ਸਿਖ ਸੰਗਤਾਂ ਵਲੋਂ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ ਵਿਸ਼ਵ ਭਰ ਦੇ ਅਖੰਡ ਕੀਰਤਨੀ ਜੱਥੇ, ਰਹਿਤ ਬਹਿਤ ਵਿਚ ਚੜ੍ਹਦੀ ਕਲਾਂ ਵਾਲੇ ਸਿੰਘ, ਬੀਬੀਆਂ, ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਸਮੇਂ ਦੇ ਗਹਿਗੱਡਵੇਂ ਸਮਾਗਮਾਂ ਦੇ ਯਾਦ-ਹੁਲਾਰੇ ਤਾਜ਼ਾ ਕਰਨ ਲਈ, ਸ੍ਰੀ ਅਖੰਡ ਪਾਠ ਅਤੇ ਅਖੰਡ ਕੀਰਤਨੀ ਅਖਾੜਿਆਂ ਦੇ ਰੰਗ ਮਾਨਣ ਲਈ ਵਹੀਰਾਂ ਪਾ ਕੇ ਅਤੇ ਹੁਮ-ਹੁਮਾ ਕੇ ਪੁਜ ਰਹੇ ਹਨ । ਸਮੂਹ ਮਾਈ ਭਾਈ ਸ੍ਰੀ ਅਖੰਡ ਪਾਠ ਤੇ ਕੀਰਤਨ ਦੇ ਸਮਾਗਮ ਦੀ ਹਾਜ਼ਰੀ ਭਰ ਕੇ ਸ੍ਰੀ ਕਲਗੀਧਰ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ ।

*—: ਪ੍ਰੋਗਰਾਮ :—*

੧੩ ਜਨਵਰੀ ਸ਼ੁਕਰਵਾਰ ਸਵੇਰੇ : ੫-੩੦ ਤੋਂ ੮-੦੦ ਕੀਰਤਨ ਆਸਾ ਦੀ ਵਾਰ ਉਪ੍ਰੰਤ ਅਰੰਭ ਸ੍ਰੀ ਅਖੰਡਪਾਠ
ਸ਼ਾਮ : ੬-੩੦ ਤੋਂ ੯-੦੦ ਅਖੰਡ ਕੀਰਤਨ

੧੪ ਜਨਵਰੀ ਸ਼ਨਿਚਰ ਵਾਰ ਸਵੇਰੇ : ੬-੦੦ ਤੋਂ ੧੨-੦੦ ਕੀਰਤਨ ਆਸਾ ਦੀ ਵਾਰ
ਸ਼ਾਮ : ੬-੩੦ ਤੋਂ ੯-੦੦ ਅਖੰਡ ਪਾਠ

੧੫ ਜਨਵਰੀ ਐਤਵਾਰ ਸਵੇਰੇ : ੬-੦੦ ਤੋਂ ੬-੩੦ ਭੋਗ ਸ੍ਰੀ ਅਖੰਡ ਪਾਠ
੬-੩੦ ਤੋਂ ਕੀਰਤਨ ਆਸਾ ਦੀ ਵਾਰ
ਦੁਪਹਿਰ : ੨-੦੦ ਤੋਂ ਬਾਦ ਅਰੰਭ ਅੰਮ੍ਰਿਤ-ਸਿੰਚਾਰ ਸਮਾਗਮ
ਸ਼ਾਮ : ੭-੩੦ ਅਰੰਭ ਕੀਰਤਨ ਰੈਣ ਸਬਾਈ

੧੬ ਜਨਵਰੀ ਸੋਮਵਾਰ ਸਵੇਰੇ : ੭-੩੦ ਸਮਾਪਤੀ ,, ,, ,,

ਨੋਟ : (੧) ਸਾਰੇ ਪ੍ਰੋਗ੍ਰਾਮ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਣਗੇ।
(੨) ਸਵਾਗਤੀ ਦਫ਼ਤਰ ਗੁ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ ।
(੩) ਬਿਸਤਰੇ ਜ਼ਰੂਰ ਲਿਆਉਣਾ ਜੀ, ਰਿਹਾਇਸ਼ ਦਾ ਪ੍ਰਬੰਧ ਹੋਵੇਗਾ ।

ਪੁਛਗਿਛ—੧. ਡਾ: ਦਰਸ਼ਨ ਸਿੰਘ, ੮/੯, ਪੰਜਾਬ ਖੇਤੀ ਯੂਨੀਵਰਸਿਟੀ, ਲੁਧਿਆਣਾ ।
੨. ਬਲਬੀਰ ਸਿੰਘ, ੧੨੬-ਆਰ, ਮਾਡਲ ਟਾਊਨ, ਲੁਧਿਆਣਾ ।

ਦਰਸ਼ਨ ਅਭਲਾਖੀ ਦਾਸਰੇ-ਅਖੰਡ ਕੀਰਤਨੀ ਜੱਥਾ, ਲੁਧਿਆਣਾ ।

---

## *ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ*

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਪੂਰਨ, ਪਰ ਸੰਖੇਪ ਜੀਵਨ ਸੂਰਾ ਪਰਵਾਰ ਵਲੋਂ ਅੰਕਿਤ ਕੀਤਾ ਗਿਆ ਹੈ । ਇਸ ਪੁਸਤਕ ਵਿਚ ਜਨਮ ਤੋਂ ਲੈ ਕੇ ਅਕਾਲ ਚਲਾਣੇ ਤਕ ਦੇ ਬ੍ਰਿਤਾਂਤ ਤਰੀਕਵਾਰ, ਜੇਲ੍ਹ ਚਿਠੀਆਂ, ਰੰਗਲੇ ਸਜਣ ਤੇ ਭਾਈ ਸਾਹਿਬ ਲਿਖਤ ਹੋਰ ਪੁਸਤਕਾਂ ਦੇ ਅਧਾਰ ਤੇ ਦਰਜ ਹਨ। ਕਈ ਸਮਾਚਾਰ ਹੋਰ ਥਾਵਾਂ ਤੋਂ ਲਏ ਗਏ ਹਨ ਅਤੇ ਅਖੀਂ ਡਿਠੇ-ਸੁਣੇ-ਵਾਪਰੇ ਹਾਲਾਤ ਵੀ ਸ਼ਾਮਲ ਕੀਤੇ ਗਏ ਹਨ । ਬਹੁਤ ਹਦ ਤਕ ਭਾਈ ਸਾਹਿਬ ਦੀ ਸ਼ਬਦਾਵਲੀ ਵਰਤੀ ਗਈ ਹੈ । ਪੁਸਤਕ ਪੜ੍ਹ ਕੇ ਸਿੱਖੀ ਲਈ ਦ੍ਰਿੜ੍ਹ ਵਿਸ਼ਵਾਸ, ਸ੍ਵੈ-ਭਰੋਸਾ ਤੇ ਪਰਮਾਰਥੀ ਬੈਰਾਗ ਉਤਪਨ ਹੁੰਦਾ ਹੈ। ਸਫੇ ੧੨੦, ਭੇਟਾ ਕੇਵਲ ਇਕ ਰੁਪਿਆ

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org